Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 03 27/06/2026 www.samajweekly.com samajweekly @samajweekly samajweekly

# ਵੈਨੇਜ਼ੁਏਲਾ 'ਚ ਭੂਚਾਲ ਕਾਰਨ ਹੁਣ ਤੱਕ 920 ਲੋਕਾਂ ਦੀ ਮੌਤ

## ਲਗਭਗ 3,300 ਜ਼ਖਮੀ, 39,000 ਤੋਂ ਵੱਧ ਲੋਕ ਲਾਪਤਾ



**ਵੈਨੇਜ਼ੁਏਲਾ:** ਬੁੱਧਵਾਰ ਨੂੰ ਵੈਨੇਜ਼ੁਏਲਾ ਵਿੱਚ ਆਏ ਦੋ ਵਿਨਾਸ਼ਕਾਰੀ ਭੂਚਾਲਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 920 ਹੋ ਗਈ ਹੈ, ਜਦੋਂ ਕਿ 3,360 ਜ਼ਖਮੀ ਹਨ। ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੇ ਐਲਾਨ ਕੀਤਾ ਕਿ ਦੇਸ਼ ਵਿੱਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ ਘੱਟੋ-ਘੱਟ 920 ਹੋ ਗਈ ਹੈ, ਜਦੋਂ ਕਿ 3,360 ਜ਼ਖਮੀ ਹਨ। ਮੌਤਾਂ ਦੀ ਗਿਣਤੀ ਹੋਰ ਵੀ ਵੱਧ ਸਕਦੀ ਹੈ। ਕਈ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਅਜ਼ੀਜ਼ ਅਜੇ ਵੀ ਮਲਬੇ ਹੇਠ ਦੱਬੇ ਹੋਏ ਹਨ। ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੇ ਕਿਹਾ ਕਿ ਬੁੱਧਵਾਰ ਸ਼ਾਮ ਨੂੰ ਆਏ 7.2 ਅਤੇ 7.5 ਤੀਬਰਤਾ ਵਾਲੇ ਭੂਚਾਲਾਂ ਨਾਲ ਲਾ ਗੁਆਇਰਾ ਰਾਜ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ ਕਿ ਫੌਜ ਤਾਇਨਾਤ ਕਰ ਦਿੱਤੀ ਗਈ ਹੈ ਅਤੇ ਬਚਾਅ ਟੀਮਾਂ ਬਚੇ ਲੋਕਾਂ ਦੀ ਭਾਲ ਕਰ ਰਹੀਆਂ ਹਨ ਅਤੇ ਭੋਜਨ ਅਤੇ ਪਾਣੀ ਵੰਡ ਰਹੀਆਂ ਹਨ।ਵੈਨੇਜ਼ੁਏਲਾ ਦੇ ਸਰਕਾਰੀ ਟੈਲੀਵਿਜ਼ਨ ਨੇ ਸਪੇਨ ਤੋਂ ਆਏ ਬਚਾਅ ਕਰਮਚਾਰੀਆਂ ਦੀ ਵੀਡੀਓ ਪ੍ਰਸਾਰਿਤ ਕੀਤੀ, ਜੋ ਆਪਣੇ ਨਾਲ ਖੋਜੀ ਕੁੱਤੇ ਅਤੇ ਕੈਮਰੇ ਤੇ ਜ਼ਮੀਨ ਦੇ ਹੇਠਾਂ ਦੇਖਣ ਵਾਲੇ ਰਡਾਰ ਵਰਗੇ ਉਪਕਰਣ ਲੈ ਕੇ ਆਏ ਹਨ। ਜਰਮਨੀ, ਚਿਲੀ ਅਤੇ ਸਵਿਟਜ਼ਰਲੈਂਡ ਦੀਆਂ ਟੀਮਾਂ ਵੀ ਵੈਨੇਜ਼ੁਏਲਾ ਪਹੁੰਚ ਗਈਆਂ ਹਨ। ਚੀਨ, ਕਤਰ, ਬ੍ਰਾਜ਼ੀਲ, ਪੁਰਤਗਾਲ ਅਤੇ ਕੈਨੇਡਾ ਦੇ ਆਗੂਆਂ ਨੇ ਮਦਦ ਭੇਜਣ ਦਾ ਵਾਅਦਾ ਕੀਤਾ ਹੈ।

# ਮੰਗੇਤਰ ਦੇ ਇਸ਼ਾਰੇ ਤੋਂ ਬਾਅਦ ਪ੍ਰੇਮੀ ਨੇ ਕੇਤਨ ਨੂੰ ਕਿਲ੍ਹੇ ਤੋਂ ਦਿੱਤਾ ਧੱਕਾ; ਜੋੜੇ ਦੀ ਸਾਜ਼ਿਸ਼ ਦਾ ਪਰਦਾਫਾਸ਼



**ਪੁਣੇ।** ਪੁਣੇ ਦੇ ਇੱਕ ਰੀਅਲਟਰ ਦੀ ਦਰਦਨਾਕ ਮੌਤ ਦੇ ਮਾਮਲੇ ਵਿੱਚ ਪੁਲੀਸ ਨੇ ਇੱਕ ਹੈਰਾਨੀਜਨਕ ਖੁਲਾਸਾ ਕੀਤਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕੇਤਨ ਅਗਰਵਾਲ ਦਾ ਕਤਲ ਕੋਈ ਹਾਦਸਾ ਨਹੀਂ, ਸਗੋਂ ਉਸਦੀ ਮੰਗੇਤਰ ਸੀਆ ਗੋਇਲ ਅਤੇ ਉਸਦੇ ਪ੍ਰੇਮੀ ਚੇਤਨ ਚੌਧਰੀ ਵੱਲੋਂ ਰਚੀ ਗਈ ਇੱਕ ਡੂੰਘੀ ਸਾਜ਼ਿਸ਼ ਸੀ। ਮੁਲਜ਼ਮਾਂ ਨੇ ਕਤਲ ਨੂੰ ਅੰਜਾਮ ਦੇਣ ਲਈ ਇੱਕ ਅਜਿਹਾ ਘਿਨਾਉਣਾ ਤਰੀਕਾ ਅਪਣਾਇਆ, ਜਿਸ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ।
ਇੱਕ ਪੁਲੀਸ ਅਧਿਕਾਰੀ ਨੇ ਵੀਰਵਾਰ ਨੂੰ ਦੱਸਿਆ ਕਿ ਕੇਤਨ ਅਗਰਵਾਲ ਦੀ ਮੰਗੇਤਰ ਸਿਆ ਗੋਇਲ ਨੇ ਕਥਿਤ ਤੌਰ 'ਤੇ ਪਹਿਲਾਂ ਤੋਂ ਤੈਅ ਇਸ਼ਾਰਾ ਦਿੱਤਾ, ਜਿਸ ਤੋਂ ਬਾਅਦ ਉਸਦੇ ਪ੍ਰੇਮੀ ਚੇਤਨ ਚੌਧਰੀ ਨੇ 18 ਜੂਨ ਨੂੰ ਉਸ ਨੂੰ ਲੋਹਗੜ੍ਹ ਕਿਲ੍ਹੇ ਤੋਂ ਧੱਕਾ ਦੇ ਕੇ ਮਾਰ ਦਿੱਤਾ।
ਪੁਲੀਸ ਨੇ ਦੱਸਿਆ ਕਿ ਦੋਵਾਂ ਨੇ ਫਰਾਰ ਹੋਣ ਦੀ ਬਜਾਏ ਅਗਰਵਾਲ ਨੂੰ ਮਾਰਨ ਦਾ ਫੈਸਲਾ ਕੀਤਾ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਭੱਜਣ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਬਦਨਾਮੀ ਹੋਵੇਗੀ।
ਜਾਂਚ ਦਾ ਹਿੱਸਾ ਰਹੇ ਇੱਕ ਪੁਲੀਸ ਅਧਿਕਾਰੀ ਨੇ ਕਿਹਾ, "ਸ਼ੁਰੂ ਵਿੱਚ, ਦੋਵਾਂ ਨੇ ਇੱਕ ਦੂਜੇ 'ਤੇ ਦੋਸ਼ ਮੜ੍ਹਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਸੀਆ ਨੇ ਅੰਤ ਵਿੱਚ ਮੰਨਿਆ ਕਿ ਉਸ ਨੇ ਸਾਜ਼ਿਸ਼ ਰਚੀ ਸੀ ਅਤੇ ਚੇਤਨ ਵੀ ਯੋਜਨਾ ਬਣਾਉਣ ਵਿੱਚ ਸ਼ਾਮਲ ਸੀ।"
ਅਧਿਕਾਰੀ ਨੇ ਦੱਸਿਆ ਕਿ ਚੌਧਰੀ (22) ਨੇ ਸ਼ੁਰੂ ਵਿੱਚ ਦਾਅਵਾ ਕੀਤਾ ਸੀ ਕਿ ਉਹ ਕਿਲ੍ਹੇ ਵਿੱਚ ਮੌਜੂਦ ਸੀ ਪਰ ਉਸ ਜਗ੍ਹਾ ਨਹੀਂ ਗਿਆ ਜਿੱਥੇ ਅਗਰਵਾਲ (25) ਨੂੰ ਚੱਟਾਨ ਤੋਂ ਹੇਠਾਂ ਧੱਕਾ ਦਿੱਤਾ ਗਿਆ ਸੀ ਅਤੇ ਉਸ ਨੂੰ ਨਹੀਂ ਪਤਾ ਸੀ ਕਿ ਅਸਲ ਵਿੱਚ ਕੀ ਹੋਇਆ ਸੀ।
ਉਨ੍ਹਾਂ ਕਿਹਾ, "ਹਾਲਾਂਕਿ, ਇਹ ਸਪੱਸ਼ਟ ਸੀ ਕਿ ਉਹ ਝੂਠ ਬੋਲ ਰਿਹਾ ਸੀ''ਅਤੇ ਅੱਗੇ ਦੱਸਿਆ ਕਿ ਦੋਵਾਂ ਨੇ ਅੰਤ ਵਿੱਚ ਆਪਣੀਆਂ ਭੂਮਿਕਾਵਾਂ ਨੂੰ ਸਵੀਕਾਰ ਕਰ ਲਿਆ ਅਤੇ ਘਟਨਾਵਾਂ ਦਾ ਪੂਰਾ ਵੇਰਵਾ ਦਿੱਤਾ।
ਯੋਜਨਾ ਅਨੁਸਾਰ ਗੋਇਲ (20) ਨੇ ਬੈਠ ਕੇ ਇਸ਼ਾਰਾ ਦੇਣਾ ਸੀ, ਜਿਸ ਤੋਂ ਬਾਅਦ ਚੌਧਰੀ ਨੇ ਆ ਕੇ ਅਣਜਾਣ ਅਗਰਵਾਲ ਨੂੰ ਮੌਤ ਦੇ ਮੂੰਹ ਵਿੱਚ ਧੱਕਾ ਦੇਣਾ ਸੀ। ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੇ ਯੋਜਨਾ ਨੂੰ ਬਿਲਕੁਲ ਉਸੇ ਤਰ੍ਹਾਂ ਅੰਜਾਮ ਦਿੱਤਾ।
ਅਧਿਕਾਰੀ ਨੇ ਕਿਹਾ, "ਉਨ੍ਹਾਂ ਨੇ ਸਾਨੂੰ ਦੱਸਿਆ ਹੈ ਕਿ ਕੀ ਹੋਇਆ ਅਤੇ ਕਿਵੇਂ ਹੋਇਆ। ਕੇਤਨ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਕੀ ਹੋਣ ਵਾਲਾ ਹੈ। ਉਸ ਨੂੰ ਕੁਝ ਵੀ ਸਮਝ ਆਉਣ ਤੋਂ ਪਹਿਲਾਂ ਹੀ ਖੱਡ ਵਿੱਚ ਧੱਕਾ ਦੇ ਦਿੱਤਾ ਗਿਆ।"
ਪੁਲੀਸ ਨੇ ਦੋਵਾਂ ਨੂੰ ਇਹ ਵੀ ਪੁੱਛਿਆ ਕਿ ਉਨ੍ਹਾਂ ਨੇ ਕਿਸੇ ਬੇਕਸੂਰ ਵਿਅਕਤੀ ਦਾ ਕਤਲ ਕਰਨ ਦੀ ਬਜਾਏ ਫਰਾਰ ਹੋਣਾ ਕਿਉਂ ਨਹੀਂ ਚੁਣਿਆ। ਅਧਿਕਾਰੀ ਨੇ ਦੱਸਿਆ, "ਉਨ੍ਹਾਂ ਕਿਹਾ ਕਿ ਫਰਾਰ ਹੋਣ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਬਦਨਾਮੀ ਹੁੰਦੀ।"
ਪੁਲੀਸ ਨੇ ਪਹਿਲਾਂ ਦੱਸਿਆ ਸੀ ਕਿ ਮੁਲਜ਼ਮ ਅਗਰਵਾਲ ਨੂੰ ਦੋ ਵਾਰ ਲੋਹਗੜ੍ਹ ਕਿਲ੍ਹੇ ਲੈ ਗਏ ਸਨ ਅਤੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਹਰ ਵਾਰ ਯੋਜਨਾ ਨਾਕਾਮ ਰਹੀ। ਕੇਤਨ ਅਗਰਵਾਲ ਅਤੇ ਸਿਆ ਗੋਇਲ ਦਾ ਵਿਆਹ ਨਵੰਬਰ ਵਿੱਚ ਰਾਜਸਥਾਨ ਦੇ ਉਦੈਪੁਰ ਦੇ ਇੱਕ ਮਹਿਲ ਵਿੱਚ ਹੋਣਾ ਸੀ, ਪਰ ਗੋਇਲ ਉਸ ਨਾਲ ਵਿਆਹ ਨਹੀਂ ਕਰਨਾ ਚਾਹੁੰਦੀ ਸੀ।
ਪੱਤਰਕਾਰਾਂ ਨਾਲ ਗੱਲ ਕਰਦਿਆਂ ਸੀਆ ਗੋਇਲ ਦੇ ਪਿਤਾ ਨੇ ਮੁਲਜ਼ਮਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਦੀ ਮੰਗ ਕਰਦਿਆਂ ਕਿਹਾ ਕਿ ਜਿਹੜਾ ਵੀ ਵਿਅਕਤੀ ਇਸ ਅਪਰਾਧ ਲਈ ਜ਼ਿੰਮੇਵਾਰ ਹੈ, ਭਾਵੇਂ ਉਹ ਉਸਦੀ ਆਪਣੀ ਧੀ ਹੀ ਕਿਉਂ ਨਾ ਹੋਵੇ, ਉਸਨੂੰ ਵੀ ਉਸੇ ਤਰ੍ਹਾਂ ਕਿਲ੍ਹੇ ਤੋਂ ਹੇਠਾਂ ਸੁੱਟਿਆ ਜਾਣਾ ਚਾਹੀਦਾ ਹੈ ਜਿਵੇਂ ਕੇਤਨ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਸੀ।
ਉਨ੍ਹਾਂ ਕਿਹਾ, "ਕੇਤਨ ਮੇਰੇ ਲਈ ਪੁੱਤਰ ਵਰਗਾ ਸੀ, ਅਤੇ ਇਸ ਨੁਕਸਾਨ ਨੇ ਸਾਡੇ ਦੋਵਾਂ ਪਰਿਵਾਰਾਂ ਨੂੰ ਤੋੜ ਦਿੱਤਾ ਹੈ। ਅਸੀਂ ਵਿਆਹ ਲਈ ਉਤਸ਼ਾਹ ਨਾਲ ਤਿਆਰੀਆਂ ਕਰ ਰਹੇ ਸੀ।"
ਉਨ੍ਹਾਂ ਕਿਹਾ, "ਜੋ ਵੀ ਹੋਇਆ ਹੈ ਉਹ ਬਹੁਤ ਦੁਖਦਾਈ ਹੈ। ਅੱਜ ਵੀ ਅਸੀਂ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰ ਪਾ ਰਹੇ ਹਾਂ।" ਗੋਇਲ ਦੇ ਪਿਤਾ ਨੇ ਅਗਰਵਾਲ ਦੇ ਪਿਤਾ ਵੱਲੋਂ ਲਗਾਏ ਗਏ ਇਸ ਦੋਸ਼ ਦਾ ਵੀ ਖੰਡਨ ਕੀਤਾ ਕਿ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਤੋਂ ਕੁਝ ਤੱਥ ਲੁਕਾਏ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਰਿਸ਼ਤੇ ਵਿੱਚ ਕਿਸੇ ਵੀ ਮੁਸ਼ਕਲ ਜਾਂ ਉਨ੍ਹਾਂ ਦੀ ਧੀ ਦੇ ਕਿਸੇ ਤੀਜੇ ਵਿਅਕਤੀ ਨਾਲ ਸਬੰਧਾਂ ਦਾ ਕੋਈ ਅੰਦਾਜ਼ਾ ਨਹੀਂ ਸੀ।ਗੋਇਲ ਦੇ ਪਿਤਾ ਨੇ ਕਿਹਾ ਕਿ ਸਿਆ ਇੱਕ ਸਧਾਰਨ ਕੁੜੀ ਸੀ ਜੋ ਹਮੇਸ਼ਾ ਆਪਣੇ ਆਉਣ ਵਾਲੇ ਵਿਆਹ ਨੂੰ ਲੈ ਕੇ ਖੁਸ਼ ਦਿਖਾਈ ਦਿੰਦੀ ਸੀ।

# ਐਸ.ਸੀ /ਬੀ.ਸੀ ਅਧਿਆਪਕ ਯੂਨੀਅਨ ਵੱਲੋਂ ਲੈਕਚਰਾਰਾਂ ਦੀ ਭਰਤੀ 'ਚ ਰਾਖਵਾਂਕਰਨ ਨਾ ਦੇਣ ਦੀ ਨਿੰਦਾ

ਪਿਛਲੇ ਦਿਨੀ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਕੂਲ ਲੈਕਚਰਾਰਾਂ ਦੀ ਭਰਤੀ ਸਬੰਧੀ ਜਨਤਕ ਨੋਟਿਸ ਜਾਰੀ ਕੀਤਾ ਗਿਆ ।ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਪੰਜਾਬੀ, ਅੰਗਰੇਜੀ, ਹਿੰਦੀ, ਪੋਲੀਟੀਕਲ, ਸਾਇੰਸ ,ਫਿਜਿਕਸ, ਕੈਮਿਸਟਰੀ, ਮੈਥੇਮੈਟਿਕਸ,ਕਾਮਰਸ,ਇਕਨੋਮਿਕਸ ,ਜਿਓਗ੍ਰਾਫੀ ਆਦਿ ਵਿਸ਼ਿਆਂ ਦੀਆਂ 1013 ਅਸਾਮੀਆਂ ਭਰਨ ਹਿੱਤ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ ।ਐੱਸ. ਸੀ/ ਬੀ.ਸੀ ਅਧਿਆਪਕ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲੈਕਚਰਾਰ ਬਲਵਿੰਦਰ ਸਿੰਘ ਲਤਾਲਾ ਤੇ ਸਰਗਰਮ ਮੈਂਬਰ ਲੈਕਚਰਾਰ ਹਰਭਿੰਦਰ ਸਿੰਘ ਮੁੱਲਾਂਪੁਰ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਆਖਿਆ ਕਿ ਇਸ ਭਰਤੀ ਇਸ਼ਤਿਹਾਰ ਰਾਹੀਂ ਮੌਜੂਦਾ ਸਰਕਾਰ ਦੇ ਸਰਕਾਰੀ ਨੌਕਰੀਆਂ ਦੀ ਭਰਤੀ ਵਿੱਚ ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਦੇ ਲੋਕਾਂ ਵਿਰੋਧੀ ਚਿਹਰਾ ਨੰਗਾ ਹੁੰਦਾ ਹੈ । ਕਿਉਂ ਜੋ ਪੰਜਾਬੀ ਵਿਸ਼ੇ ਦੇ 71 ਲੈਕਚਰਾਰਾਂ ਦੀ ਭਰਤੀ ਵਿੱਚ ਇੱਕ ਵੀ ਅਸਾਮੀ





ਐ ਸ .ਸੀ ਜਾਂ ਬੀ.ਸੀ ਸ਼੍ਰੇਣੀ ਦੇ ਸੰਬੰਧਤ ਬੇਰੁਜ਼ਗਾਰਾਂ ਵਾਸਤੇ ਰਾਖਵੀਂ ਨਹੀਂ ਦਰਸਾਈ ਗਈ । ਆਗੂਆਂ ਨੇ ਸਰਕਾਰ ਦੇ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਆਖਿਆ ਕਿ ਪੰਜਾਬੀ ਵਿਸ਼ੇ ਦੇ ਲੈਕਚਰਾਰਾਂ ਦੇ ਭਰਤੀ ਵਿੱਚ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਸੰਵਿਧਾਨਿਕ ਹੱਕਾਂ , ਨਿਯਮਾਂ ਤੇ ਰੋਸਟਰ ਪੁਆਇੰਟਾਂ ਨੂੰ ਅੱਖੋਂ ਪਰੋਖੇ ਕੀਤਾ ਹੈ । ਨਤੀਜਨ ਐਸਸੀ/ ਬੀਸੀ ਵਰਗ ਦੇ ਬੇਰੁਜ਼ਗਾਰ ਨੌਜਵਾਨਾਂ, ਮੁਲਾਜ਼ਮਾਂ ਤੇ ਇਹਨਾਂ ਦੇ ਹੱਕਾਂ ਦੀ ਪੈਰਵਾਈ ਕਰਨ ਵਾਲੀਆਂ ਜਥੇਬੰਦੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ।ਜੇਕਰ ਸਰਕਾਰ ਨੇ ਪੰਜਾਬੀ ਵਿਸ਼ੇ ਦੇ ਲੈਕਚਰਾਰਾਂ ਦੀ ਭਰਤੀ ਸਬੰਧੀ ਪੁਨਰ ਵਿਚਾਰ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਅਗਲਾ ਐਕਸ਼ਨ ਪਲਾਨ ਤਿਆਰ ਕੀਤਾ ਜਾਵੇਗਾ।
ਇਸ ਮੌਕੇ ਤੇ ਲੈਕਚਰਾਰ ਭੁਪਿੰਦਰ ਸਿੰਘ ਚੰਗਣਾਂ, ਲੈਕਚਰਾਰ ਮਨੋਹਰ ਸਿੰਘ ਦਾਖਾ, ਲੈਕਚਰਾਰ ਗੁਰਪ੍ਰੀਤ ਸਿੰਘ, ਲੈਕਚਰਾਰ ਜਸਮੇਲ ਸਿੰਘ ਜੱਸੋਵਾਲ, ਲੈਕਚਰਾਰ ਕੁਲਵਿੰਦਰ ਸਿੰਘ ਸਰਾਭਾ,ਲੈਕਚਰਾਰ ਰਣਜੀਤ ਸਿੰਘ ਹਠੂਰ,ਮਾਸਟਰ ਪ੍ਰੀਤਮ ਸਿੰਘ, ਮਾਸਟਰ ਯਾਦਵਿੰਦਰ ਸਿੰਘ, ਮਾਸਟਰ ਇੰਦਰਜੀਤ ਸਿੰਘ, ਮਾਸਟਰ ਜਗਜੀਤ ਸਿੰਘ ਤੇ ਮਾਸਟਰ ਬਲਦੇਵ ਸਿੰਘ ਮੁੱਲਾਂਪੁਰ ਤੋਂ ਇਲਾਵਾ ਹੋਰ ਅਧਿਆਪਕ ਤੇ ਆਗੂ ਹਾਜ਼ਰ ਸਨ।

# ਸੱਚਖੰਡ ਹਜ਼ੂਰ ਸਾਹਿਬ ਦੇ ਪ੍ਰਬੰਧ ਚਲਾਉਣ ਲਈ 1956 ਦੇ ਐਕਟ ਨੂੰ ਨਾ ਬਦਲਣ ਲਈ ਸੰਤ ਸੀਚੇਵਾਲ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

## ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਕੋਲੋਂ ਦਖ਼ਲ ਦੀ ਕੀਤੀ ਮੰਗ

**ਕਪੂਰਥਲਾ , 26 ਜੂਨ,( ਕੌੜਾ )** – ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਾਂ ਲਈ ਬਣੇ 1956 ਦੇ ਐਕਟ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਾ ਕਰਨ ਦੀ ਮੰਗ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਪੱਤਰ ਲਿਖਿਆ ਹੈ। ਉਹਨਾਂ ਵੱਲੋਂ ਇਸ ਪੱਤਰ ਦਾ ਉਤਾਰਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਭੇਜ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ।ਆਪਣੇ ਪੱਤਰ ਵਿੱਚ ਸੰਤ ਸੀਚੇਵਾਲ ਨੇ ਕਿਹਾ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮਹਾਰਾਸ਼ਟਰ ਸਰਕਾਰ ਇਸ ਮਾਮਲੇ ਵਿੱਚ ਅੱਗੇ ਵਧਦੀ ਹੈ ਤਾਂ ਇਸ ਦਾ ਵਿਰੋਧ ਸਿਰਫ਼ ਮਹਾਰਾਸ਼ਟਰ



ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਦੇਸ਼-ਵਿਦੇਸ਼ ਵਿੱਚ ਵਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਵੀ ਤਿੱਖਾ ਪ੍ਰਤੀਕਰਮ ਸਾਹਮਣੇ ਆ ਸਕਦਾ ਹੈ,ਜਿਸਦਾ ਭਾਜਪਾ ਸਰਕਾਰ ਨੂੰ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਸਰਹੱਦੀ ਅਤੇ ਸੰਵੇਦਨਸ਼ੀਲ ਸੂਬਾ ਹੈ, ਜਿੱਥੇ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਅਮਨ-ਸ਼ਾਂਤੀ ਕਾਇਮ ਹੋਈ ਹੈ। ਇਸ ਲਈ ਸਰਕਾਰ ਨੂੰ ਅਜਿਹਾ ਕੋਈ ਵੀ ਕਦਮ ਨਹੀਂ ਚੁੱਕਣਾ ਚਾਹੀਦਾ ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਮਾਹੌਲ ਨੂੰ ਪ੍ਰਭਾਵਿਤ ਕਰੇ। ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਜ਼ੋਰ ਦੇ ਕੇ ਕਿਹਾ ਕਿ ਇਹ ਮਾਮਲਾ ਸਿੱਖ ਕੌਮ ਦੇ ਬੁਨਿਆਦੀ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ। ਸਿੱਖ ਕੌਮ ਆਪਣੀਆਂ ਧਾਰਮਿਕ ਸੰਸਥਾਵਾਂ ਦਾ ਪ੍ਰਬੰਧ ਖੁਦ ਕਰਨ ਦੇ ਯੋਗ ਹੈ ਅਤੇ ਇਸ ਵਿੱਚ ਕਿਸੇ ਵੀ ਸਰਕਾਰੀ ਦਖ਼ਲ ਦੀ ਲੋੜ ਨਹੀਂ ਹੈ।
ਉਨ੍ਹਾਂ ਲਿਖਿਆ ਕਿ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੇ ਗੁਰਮਤਾ ਪਾਸ ਕਰਕੇ ਮਹਾਰਾਸ਼ਟਰ ਸਰਕਾਰ ਵੱਲੋਂ 1956 ਦੇ ਐਕਟ ਨੂੰ ਰੱਦ ਕਰਕੇ ਨਵਾਂ ਕਾਨੂੰਨ ਲਿਆਉਣ ਦੇ ਪ੍ਰਸਤਾਵ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ ਤਾਂ ਸਰਕਾਰ ਨੂੰ ਇਸ ਬਿੱਲ ਨੂੰ ਅੱਗੇ ਨਹੀਂ ਵਧਾਉਣਾ ਚਾਹੀਦਾ।ਸੰਤ ਸੀਚੇਵਾਲ ਨੇ ਕਿਹਾ ਕਿ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਵਿੱਚ ਦਖ਼ਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਦਾ ਸੰਗਤਾਂ ਨੇ ਹਮੇਸ਼ਾ ਡਟ ਕੇ ਵਿਰੋਧ ਕੀਤਾ ਹੈ। ਉਨ੍ਹਾਂ ਯਾਦ ਦਿਵਾਇਆ ਕਿ ਮਹਾਰਾਸ਼ਟਰ ਸਰਕਾਰ ਨੇ 2015 ਤੋਂ ਵੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਾਂ ਵਿੱਚ ਦਖ਼ਲ ਦੇ ਯਤਨ ਕੀਤੇ ਸਨ। ਉਨ੍ਹਾਂ ਇਹ ਵੀ ਦਰਸਾਇਆ ਕਿ ਫਰਵਰੀ 2024 ਵਿੱਚ ਮਹਾਰਾਸ਼ਟਰ ਸਰਕਾਰ ਇੱਕ ਅਜਿਹੀ ਸੋਧ ਲਿਆਉਣਾ ਚਾਹੁੰਦੀ ਸੀ ਜਿਸ ਤਹਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ 17 ਮੈਂਬਰੀ ਬੋਰਡ ਵਿੱਚੋਂ 12 ਮੈਂਬਰਾਂ ਅਤੇ ਪ੍ਰਧਾਨ ਨੂੰ ਸਿੱਧੇ ਤੌਰ 'ਤੇ ਨਾਮਜ਼ਦ ਕਰਨ ਦਾ ਅਧਿਕਾਰ ਸਰਕਾਰ ਨੂੰ ਮਿਲ ਜਾਣਾ ਸੀ। ਸਿੱਖ ਸੰਗਤਾਂ ਅਤੇ ਧਾਰਮਿਕ ਸੰਸਥਾਵਾਂ ਦੇ ਤਿੱਖੇ ਵਿਰੋਧ ਕਾਰਨ ਸਰਕਾਰ ਨੂੰ ਉਹ ਪ੍ਰਸਤਾਵ ਵਾਪਸ ਲੈਣਾ ਪਿਆ ਸੀ।

# ਪਿੰਡ ਰਾਜੋਆਣਾ ਕਲਾਂ ਤੇ ਰਾਜੋਆਣਾ ਖੁਰਦ ਦੇ ਸਮਾਜ ਸੇਵੀ ਤੇ ਉਦਮੀ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



**ਰਾਏਕੋਟ, ਜੂਨ ( ਗੁਰਭਿੰਦਰ ਗੁਰੀ ):** ਹਲਕਾ ਰਾਏਕੋਟ ਦੇ ਅਧੀਨ ਪੈਂਦੇ ਪਿੰਡ ਰਾਜੋਆਣਾ ਕਲਾਂ ਅਤੇ ਰਾਜੋਆਣਾ ਖੁਰਦ ਦੇ ਸਮਾਜ ਸੇਵੀ ਤੇ ਉਦਮੀ ਨੌਜਵਾਨਾਂ ਵੱਲੋਂ ਐਚਪੀ ਗੈਸ, ਗਦਾਮ ਮੇਨ ਰੋਡ ਤੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਹ ਛਬੀਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ, ਜਿਸ 'ਚ ਵੱਡੀ ਗਿਣਤੀ ਵਿਚ ਰਾਹਗੀਰਾਂ, ਯਾਤਰੀਆਂ ਅਤੇ ਆਮ ਲੋਕਾਂ ਨੂੰ ਠੰਢਾ-ਮਿੱਠਾ ਜਲ ਛਕਾਇਆ ਗਿਆ। ਇਸ ਮੌਕੇ ਐਚਪੀ ਗੈਸ ਦੇ ਸਾਰੇ ਕਰਮਚਾਰੀ ਤੇ ਜੀ.ਕੇ ਗੈਸ ਦੇ ਪ੍ਰੋਪਰਾਇਟਰ ਸੁਖਦੇਵ ਸਿੰਘ, ਸੰਦੀਪ ਸਿੰਘ ਗੋਲੂ, ਨਵਜੋਤ ਸਿੰਘ ਠੇਕੇਦਾਰ, ਪੁਨੀਤਪਾਲ ਸਿੰਘ, ਗੁਰਵਿੰਦਰ ਸਿੰਘ, ਧਰਮਿੰਦਰ ਸਿੰਘ ਅੱਬੂਵਾਲ , ਜੱਗਾ ਪ੍ਰਧਾਨ , ਪਵਨਦੀਪ ਸਿੰਘ,ਨੀਟੂ ਰਾਜੋਆਣਾ, ਸਿਮਰਨਜੀਤ ਸਿੰਘ, ਗੁਰਦੀਪ ਸਿੰਘ, ਰਵੀ ਰਾਜੋਆਣਾ, ਇੰਦਰ ਐਤੀਆਣਾ,ਜਸਦੀਪ ਸਿੰਘ,ਪੀਤਾ ਲੀਲਾ, ਗੋਪੀ ਐਤੀਆਣਾ, ਬਿੰਦਾ ਅਕਾਲਗੜ੍ਹ, ਕਾਲਾ ਢਾਬੇ ਵਾਲਾ, ਹਿੰਮਤ ਰਾਜੋਆਣਾ, ਬਿੰਦੂ ਵਰਮੀ ਦੇ ਸੇਵਾਦਾਰਾਂ ਵੱਲੋਂ ਸੜਕ ਤੇ ਲੰਘ ਰਹੇ ਵਾਹਨਾਂ ਨੂੰ ਰੋਕ ਕੇ ਯਾਤਰੀਆਂ ਨੂੰ ਠੰਡਾ ਮਿੱਠਾ ਜਲ ਸਕਾਇਆ ਗਿਆ। ਸੇਵਾਦਾਰਾਂ ਨੇ ਪੂਰੇ ਉਤਸਾਹ ਨਾਲ ਸੇਵਾ ਨਿਭਾਈ।

# ਦਰਸ਼ਨ ਸਿੰਘ ਬਾਜਵਾ ਸੰਪਾਦਕ ਅੰਬੇਡਕਰੀ ਦੀਪ ਨੂੰ ਇੰਚਾਰਜ ਨਿਯੁਕਤ -- ਰਾਮਜੀ ਗੋਤਮ ,ਵਿਪਨ , ਕਰੀਮਪੁਰੀ

**ਬਰਨਾਲਾ (ਚਰਨਜੀਤ ਸੱਲ੍ਹਾ )** ਅੱਜ ਤਰਕਸ਼ੀਲ ਭਵਨ ਬਰਨਾਲਾ ਵਿਖੇ ਦਰਸਨ ਸਿੰਘ ਬਾਜਵਾ ਸੰਪਾਦਕ ਅੰਬੇਡਕਰੀ ਦੀਪ ਨੂੰ ਬਹੁਜਨ ਸਮਾਜ ਪਾਰਟੀ ਹਲਕਾ ਮਹਿਲ ਕਲਾਂ ਦਾ ਇੰਚਾਰਜ ਨਿਯੁਕਤ ਕੀਤਾ ਗਿਆ, ਇਸ ਸਮੇਂ ਕੇਂਦਰੀ ਇੰਚਾਰਜ ਰਾਮ ਜੀ ਗੌਤਮ ਰਾਜ ਸਭਾ ਮੈਂਬਰ, ਬਿਪਲ ਕੁਮਾਲ ਇੰਚਾਰਜ ਪੰਜਾਬ, ਅਵਤਾਰ ਸਿੰਘ ਕਰੀਮਪੁਰੀ ਪਰਧਾਨ ਪੰਜਾਬ,ਅਮਰਜੀਤ ਸਿੰਘ ਝਲੂਰ ਜੋਨ ਇੰਚਾਰਜ, ਪਰੀਤਮ ਸਿੰਘ ਜੋਹਲ,



ਇੰਚਾਰਜ ਲੋਕ ਸਭਾ, ਡਾਕਟਰ ਮੱਖਣ ਸਿੰਘ ਇੰਚਾਰਜ ਲੋਕ ਸਭਾ, ਨਿਰਮਲ ਸਿੰਘ ਨਿੰਮਾਆ ਸਾਬਕਾ MLA, ਸਰਬਜੀਤ ਸਿੰਘ ਖੇੜੀ, ਹਲਕਾ ਮਹਿਲ ਕਲਾਂ ਦੀ ਸਮੁੱਚੀ ਲੀਡਰਸਿੱਪ ਤੇ ਜਿਲਾ ਬਰਨਾਲਾ ਦੀ ਸਮੁੱਚੀ ਲੀਡਰ ਸਿਪ ਤੇ ਸਮੁਚੇ ਵਰਕਰ ਹਾਜਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

## ਦੇਹਰਾਦੂਨ ਸ਼ਹਿਰ ਦੀ ਬੱਸ ਨੇ 5 ਲੋਕਾਂ ਨੂੰ ਕੁਚਲ ਦਿੱਤਾ, ਦੋ ਦੀ ਮੌਤ

**ਦੇਹਰਾਦੂਨ।** ਦੇਹਰਾਦੂਨ ਵਿਚ ਇਕ ਤੇਜ਼ ਰਫ਼ਤਾਰ ਸਿਟੀ ਬੱਸ ਨੇ ਪੰਜ ਪੈਦਲ ਯਾਤਰੀਆਂ ਨੂੰ ਕੁਚਲ ਦਿੱਤਾ, ਜਿਸ ਕਾਰਨ ਦੋ ਦੀ ਮੌਤ ਹੋ ਗਈ ਜਦਕਿ ਕਈ ਜ਼ਖ਼ਮੀ ਹੋ ਗਏ। ਸਾਰੇ ਪੀੜਤਾਂ ਦੀ ਹਾਲਤ ਗੰਭੀਰ ਹੈ। ਇਹ ਹਾਦਸਾ ਪਟੇਲ ਨਗਰ ਦੇ ਲਾਲਪੁਲ ਇਲਾਕੇ ਵਿਚ ਵਾਪਰਿਆ। ਘਟਨਾ ਤੋਂ ਬਾਅਦ ਇਲਾਕੇ ਵਿੱਚ ਚੀਕ-ਚਿਹਾੜਾ ਮਚ ਗਿਆ ਅਤੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਇਹ ਘਟਨਾ ਸਵੇਰੇ 11 ਵਜੇ ਦੇ ਕਰੀਬ ਵਾਪਰੀ, ਜਦੋਂ ਆਈਐਸਬੀਟੀ ਤੋਂ ਰਾਜਪੁਰ ਰੋਡ ਜਾ ਰਹੀ ਇਕ ਸਿਟੀ ਬੱਸ ਬੇਕਾਬੂ ਹੋ ਗਈ ਤੇ ਪੈਦਲ ਜਾ ਰਹੇ ਪੰਜ ਵਿਅਕਤੀਆਂ ਨੂੰ ਕੁਚਲ ਦਿੱਤਾ।



ਹਾਦਸੇ ਤੋਂ ਬਾਅਦ, ਰਾਹਗੀਰ ਤੁਰੰਤ ਜ਼ਖ਼ਮੀਆਂ ਦੀ ਮਦਦ ਲਈ ਪਹੁੰਚੇ। ਸੂਚਨਾ ਮਿਲਣ 'ਤੇ, ਪੁਲਿਸ ਅਤੇ ਐਮਰਜੈਂਸੀ ਸੇਵਾ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਭੇਜਿਆ ਗਿਆ। ਹਾਲਾਂਕਿ, ਚਸ਼ਮਦੀਦਾਂ ਦੇ ਅਨੁਸਾਰ, ਐਂਬੂਲੈਂਸ ਸਮੇਂ ਸਿਰ ਮੌਕੇ 'ਤੇ ਨਹੀਂ ਪਹੁੰਚ ਸਕੀ; ਨਤੀਜੇ ਵਜੋਂ, ਜ਼ਖ਼ਮੀਆਂ ਨੂੰ ਈ-ਰਿਕਸ਼ਾ ਅਤੇ ਆਟੋ-ਰਿਕਸ਼ਾ ਵਿੱਚ ਹਸਪਤਾਲ ਲਿਜਾਣਾ ਪਿਆ। ਜਾਣਕਾਰੀ ਅਨੁਸਾਰ ਬੱਸ ਡਰਾਈਵਰ ਨੂੰ ਦਿਲ ਦਾ ਦੌਰਾ ਪਿਆ। ਇਸ ਘਟਨਾ ਕਾਰਨ ਵੱਡਾ ਟ੍ਰੈਫਿਕ ਜਾਮ ਹੋ ਗਿਆ, ਅਤੇ ਕਾਫ਼ੀ ਸਮੇਂ ਤੱਕ ਆਵਾਜਾਈ ਦਾ ਪ੍ਰਵਾਹ ਠੱਪ ਰਿਹਾ। ਪੁਲਿਸ ਮੌਕੇ 'ਤੇ ਪਹੁੰਚ ਗਈ ਹੈ, ਬੱਸ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਅਤੇ ਇਸ ਸਮੇਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਕੋਇਲੇ ਨਾਲ ਭਰੇ ਟਰੱਕ ਨੇ ਬੈਂਡ ਗੱਡੀ ਨੂੰ ਮਾਰੀ ਟੱਕਰ, 7 ਵਿਅਕਤੀਆਂ ਦੀ ਮੌਤ



**ਰਾਮਗੜ੍ਹ।** ਝਾਰਖੰਡ ਦੇ ਰਾਮਗੜ੍ਹ ਜ਼ਿਲ੍ਹੇ ਵਿੱਚ ਬੀਤੀ ਦੇਰ ਰਾਤ ਰਜਰੱਪਾ ਥਾਣਾ ਖੇਤਰ ਦੇ ਲਾਰੀ-ਬਰਲੌਂਗ ਨੇੜੇ ਇੱਕ ਤੇਜ਼ ਰਫ਼ਤਾਰ ਕੋਇਲੇ ਨਾਲ ਲੱਦੇ ਟਰੱਕ ਅਤੇ ਸਵਾਰੀ ਗੱਡੀ ਵਿਚਕਾਰ ਹੋਈ ਭਿਆਨਕ ਟੱਕਰ ਵਿੱਚ 7 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬਲਸਗਰਾ ਅਤੇ ਮਰਾਂਗਮਰਚਾ ਪਿੰਡ ਦੇ ਬੈਂਡ-ਤਾਸ਼ਾ ਪਾਰਟੀ ਦੇ ਮੈਂਬਰ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੀ ਸਵਾਰੀ ਗੱਡੀ ਰਾਹੀਂ ਵਾਪਸ ਪਰਤ ਰਹੇ ਸਨ। ਬੀਤੀ ਦੇਰ ਰਾਤ ਕਰੀਬ 2:30 ਵਜੇ ਰਾਮਗੜ੍ਹ-ਬੋਕਾਰੋ ਮੁੱਖ ਮਾਰਗ ਤੇ ਸਾਹਮਣੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਕੋਇਲੇ ਨਾਲ ਲੱਦੇ ਟਰੱਕ ਨੇ ਓਵਰਟੇਕ ਕਰਨ ਦੀ ਕੋਸ਼ਿਸ਼ ਵਿੱਚ ਗੱਡੀ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ। ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕ ਅਤੇ ਪੁਲੀਸ ਮੌਕੇ ਤੇ ਪਹੁੰਚੀ ਅਤੇ ਜ਼ਖ਼ਮੀਆਂ ਨੂੰ ਰਾਮਗੜ੍ਹ ਸਦਰ ਹਸਪਤਾਲ ਪਹੁੰਚਾਇਆ। ਹਸਪਤਾਲ ਵਿੱਚ ਡਾਕਟਰਾਂ ਨੇ 7 ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ। ਗੰਭੀਰ ਰੂਪ ਵਿੱਚ ਜ਼ਖ਼ਮੀ ਇੱਕ ਵਿਅਕਤੀ ਨੂੰ ਬਿਹਤਰ ਇਲਾਜ ਲਈ ਰਾਂਚੀ ਰੈਫਰ ਕੀਤਾ ਗਿਆ ਹੈ। ਸਿਵਲ ਸਰਜਨ ਡਾ. ਅਨਿਲ ਕੁਮਾਰ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਜਾਰੀ ਹੈ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਮਾਤਮ ਪਸਰ ਗਿਆ ਅਤੇ ਗੁੱਸੇ ਵਿੱਚ ਆਏ ਪਿੰਡ ਵਾਸੀਆਂ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੇ ਐਨ ਐਚ-23 ਤੇ ਜਾਮ ਲਗਾ ਦਿੱਤਾ। ਲੋਕਾਂ ਦਾ ਦੋਸ਼ ਹੈ ਕਿ ਇਹ ਥਾਂ ਬਲੈਕ ਸਪਾਟ ਬਣ ਚੁੱਕੀ ਹੈ, ਜਿੱਥੇ ਪਿਛਲੇ ਚਾਰ ਦਿਨਾਂ ਵਿੱਚ 10 ਲੋਕਾਂ ਦੀ ਜਾਨ ਜਾ ਚੁੱਕੀ ਹੈ। ਪ੍ਰਦਰਸ਼ਨਕਾਰੀਆਂ ਨੇ ਪ੍ਰਸ਼ਾਸਨ ਤੋਂ ਸਪੀਡ ਕੰਟਰੋਲ, ਡਿਵਾਈਡਰ ਅਤੇ ਸਟ੍ਰੀਟ ਲਾਈਟਾਂ ਲਗਾਉਣ ਦੀ ਮੰਗ ਕੀਤੀ ਹੈ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸ਼ੁਰੂਆਤੀ ਜਾਂਚ ਵਿੱਚ ਟਰੱਕ ਦੇ ਗਲਤ ਦਿਸ਼ਾ ਤੋਂ ਆਉਣ ਦੀ ਗੱਲ ਸਾਹਮਣੇ ਆਈ ਹੈ।

## ਰਾਮ ਮੰਦਰ ਚੜ੍ਹਾਵਾ ਚੋਰੀ ਮਾਮਲਾ, ਟਰੱਸਟ ਦੇ ਜਨਰਲ ਸਕੱਤਰ ਚੰਪਤ ਰਾਏ ਵੱਲੋਂ ਅਸਤੀਫ਼ਾ

### ਟਰੱਸਟੀ ਅਨਿਲ ਮਿਸ਼ਰਾ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ



**ਅਯੋਧਿਆ:** ਚੰਪਤ ਰਾਏ ਨੇ ਅਯੁੱਧਿਆ ਵਿੱਚ ਰਾਮ ਮੰਦਰ ਵਿੱਚ ਦਾਨ ਦੇ ਕਥਿਤ ਗਬਨ ਦੀ ਚੱਲ ਰਹੀ ਜਾਂਚ ਦੇ ਵਿਚਕਾਰ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸੂਤਰਾਂ ਮੁਤਾਬਕ ਟਰੱਸਟੀ ਅਨਿਲ ਮਿਸ਼ਰਾ ਨੇ ਵੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਹ ਅਸਤੀਫੇ ਉੱਤਰ ਪ੍ਰਦੇਸ਼ ਪੁਲਿਸ ਵੱਲੋਂ ਸ਼ਰਧਾਲੂਆਂ ਦੇ ਦਾਨ ਦੀ ਕਥਿਤ ਹੇਰਾਫੇਰੀ ਦੇ ਮਾਮਲੇ ਵਿੱਚ ਅੱਠ ਲੋਕਾਂ ਨੂੰ ਗ੍ਰਿਫਤਾਰ ਕਰਨ ਤੋਂ ਇੱਕ ਦਿਨ ਬਾਅਦ ਆਏ ਹਨ। ਮੁਲਜ਼ਮਾਂ ਵਿੱਚ ਮੰਦਰ ਦਾ ਸਟਾਫ ਸ਼ਾਮਲ ਹੈ ਜੋ ਨਕਦੀ ਦੀ ਗਿਣਤੀ ਅਤੇ ਦਾਨ ਦੇ ਸੰਗ੍ਰਹਿ ਨੂੰ ਸੰਭਾਲਣ ਵਿੱਚ ਸ਼ਾਮਲ ਸੀ। ਇਸ ਮਾਮਲੇ ਵਿੱਚ ਚੋਰੀ, ਅਪਰਾਧਿਕ ਵਿਸ਼ਵਾਸਘਾਤ ਅਤੇ ਅਪਰਾਧਿਕ ਸਾਜ਼ਿਸ਼ ਸਮੇਤ ਹੋਰ ਧਾਰਾਵਾਂ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ।

ਇਹ ਵਿਵਾਦ ਉਦੋਂ ਹੋਰ ਵਧ ਗਿਆ ਜਦੋਂ ਇੱਕ ਵਿਸ਼ੇਸ਼ ਜਾਂਚ ਟੀਮ (SIT) ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਆਪਣੀ ਮੁਢਲੀ ਰਿਪੋਰਟ ਸੌਂਪੀ, ਜਿਸ ਤੋਂ ਬਾਅਦ ਤੁਰੰਤ ਕਾਰਵਾਈ ਕੀਤੀ ਗਈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਭਰੋਸਾ ਦਿੱਤਾ ਹੈ ਕਿ ਜਾਂਚ ਵਿੱਚ ਜ਼ਿੰਮੇਵਾਰ ਲੋਕਾਂ ਦੀ ਪਛਾਣ ਕੀਤੀ ਜਾਵੇਗੀ ਅਤੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਸੂਤਰਾਂ ਨੇ ਦੱਸਿਆ ਕਿ ਚੰਪਤ ਰਾਏ ਨੇ ਇੱਕ ਸੁਤੰਤਰ ਅਤੇ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਅਤੇ ਚੱਲ ਰਹੀ ਜਾਂਚ ਨੂੰ ਪ੍ਰਭਾਵਿਤ ਕਰਨ ਦੇ ਕਿਸੇ ਵੀ ਪ੍ਰਭਾਵ ਤੋਂ ਬਚਣ ਲਈ ਅਹੁਦੇ ਤੋਂ ਲਾਂਭੇ ਹੋਣ ਦਾ ਫੈਸਲਾ ਕੀਤਾ ਹੈ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਐਸ.ਸੀ /ਬੀ.ਸੀ ਅਧਿਆਪਕ ਯੂਨੀਅਨ ਵੱਲੋਂ ਲੈਕਚਰਾਰਾਂ ਦੀ ਭਰਤੀ 'ਚ ਰਾਖਵਾਂਕਰਨ ਨਾ ਦੇਣ ਦੀ ਨਿੰਦਾ

ਪਿਛਲੇ ਦਿਨੀ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਕੂਲ ਲੈਕਚਰਾਰਾਂ ਦੀ ਭਰਤੀ ਸਬੰਧੀ ਜਨਤਕ ਨੋਟਿਸ ਜਾਰੀ ਕੀਤਾ ਗਿਆ ।ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਪੰਜਾਬੀ, ਅੰਗਰੇਜੀ, ਹਿੰਦੀ, ਪੋਲੀਟੀਕਲ, ਸਾਇੰਸ ,ਫਿਜਿਕਸ, ਕੈਮਿਸਟਰੀ, ਮੈਥੇਮੈਟਿਕਸ,ਕਾਮਰਸ,ਇਕਨੋਮਿਕਸ ,ਜਿਓਗ੍ਰਾਫੀ ਆਦਿ ਵਿਸ਼ਿਆਂ ਦੀਆਂ 1013 ਅਸਾਮੀਆਂ ਭਰਨ ਹਿੱਤ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ ।ਐੱਸ. ਸੀ/ ਬੀ.ਸੀ ਅਧਿਆਪਕ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲੈਕਚਰਾਰ ਬਲਵਿੰਦਰ ਸਿੰਘ ਲਤਾਲਾ ਤੇ ਸਰਗਰਮ ਮੈਂਬਰ ਲੈਕਚਰਾਰ ਹਰਭਿੰਦਰ ਸਿੰਘ ਮੁੱਲਾਂਪੁਰ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਆਖਿਆ ਕਿ ਇਸ ਭਰਤੀ ਇਸ਼ਤਿਹਾਰ ਰਾਹੀਂ ਮੌਜੂਦਾ ਸਰਕਾਰ ਦੇ ਸਰਕਾਰੀ ਨੌਕਰੀਆਂ ਦੀ ਭਰਤੀ ਵਿੱਚ ਅਨੁਸੂਚਿਤ ਅਤੇ ਪਛੜੀਆਂ ਜਾਤੀਆਂ ਦੇ ਲੋਕਾਂ ਵਿਰੋਧੀ ਚਿਹਰਾ ਨੰਗਾ ਹੁੰਦਾ ਹੈ । ਕਿਉਂ ਜੋ ਪੰਜਾਬੀ ਵਿਸ਼ੇ ਦੇ 71 ਲੈਕਚਰਾਰਾਂ ਦੀ ਭਰਤੀ ਵਿੱਚ ਇੱਕ ਵੀ ਅਸਾਮੀ





ਐ ਸ .ਸੀ ਜਾਂ ਬੀ.ਸੀ ਸ਼੍ਰੇਣੀ ਦੇ ਸੰਬੰਧਤ ਬੇਰੁਜ਼ਗਾਰਾਂ ਵਾਸਤੇ ਰਾਖਵੀਂ ਨਹੀਂ ਦਰਸਾਈ ਗਈ । ਆਗੂਆਂ ਨੇ ਸਰਕਾਰ ਦੇ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਆਖਿਆ ਕਿ ਪੰਜਾਬੀ ਵਿਸ਼ੇ ਦੇ ਲੈਕਚਰਾਰਾਂ ਦੇ ਭਰਤੀ ਵਿੱਚ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਸੰਵਿਧਾਨਿਕ ਹੱਕਾਂ , ਨਿਯਮਾਂ ਤੇ ਰੋਸਟਰ ਪੁਆਇੰਟਾਂ ਨੂੰ ਅੱਖੋਂ ਪਰੋਖੇ ਕੀਤਾ ਹੈ । ਨਤੀਜਨ ਐਸਸੀ/ ਬੀਸੀ ਵਰਗ ਦੇ ਬੇਰੁਜ਼ਗਾਰ ਨੌਜਵਾਨਾਂ, ਮੁਲਾਜ਼ਮਾਂ ਤੇ ਇਹਨਾਂ ਦੇ ਹੱਕਾਂ ਦੀ ਪੈਰਵਾਈ ਕਰਨ ਵਾਲੀਆਂ ਜਥੇਬੰਦੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ।ਜੇਕਰ ਸਰਕਾਰ ਨੇ ਪੰਜਾਬੀ ਵਿਸ਼ੇ ਦੇ ਲੈਕਚਰਾਰਾਂ ਦੀ ਭਰਤੀ ਸਬੰਧੀ ਪੁਨਰ ਵਿਚਾਰ ਨਾ ਕੀਤਾ ਤਾਂ ਜਥੇਬੰਦੀ ਵੱਲੋਂ ਅਗਲਾ ਐਕਸ਼ਨ ਪਲਾਨ ਤਿਆਰ ਕੀਤਾ ਜਾਵੇਗਾ।

ਇਸ ਮੌਕੇ ਤੇ ਲੈਕਚਰਾਰ ਭੁਪਿੰਦਰ ਸਿੰਘ ਚੰਗਣਾਂ, ਲੈਕਚਰਾਰ ਮਨੋਹਰ ਸਿੰਘ ਦਾਖਾ, ਲੈਕਚਰਾਰ ਗੁਰਪ੍ਰੀਤ ਸਿੰਘ, ਲੈਕਚਰਾਰ ਜਸਮੇਲ ਸਿੰਘ ਜੱਸੋਵਾਲ, ਲੈਕਚਰਾਰ ਕੁਲਵਿੰਦਰ ਸਿੰਘ ਸਰਾਭਾ,ਲੈਕਚਰਾਰ ਰਣਜੀਤ ਸਿੰਘ ਹਠੂਰ,ਮਾਸਟਰ ਪ੍ਰੀਤਮ ਸਿੰਘ, ਮਾਸਟਰ ਯਾਦਵਿੰਦਰ ਸਿੰਘ, ਮਾਸਟਰ ਇੰਦਰਜੀਤ ਸਿੰਘ, ਮਾਸਟਰ ਜਗਜੀਤ ਸਿੰਘ ਤੇ ਮਾਸਟਰ ਬਲਦੇਵ ਸਿੰਘ ਮੁੱਲਾਪੁਰ ਤੋਂ ਇਲਾਵਾ ਹੋਰ ਅਧਿਆਪਕ ਤੇ ਆਗੂ ਹਾਜ਼ਰ ਸਨ।

# ਸੱਚਖੰਡ ਹਜ਼ੂਰ ਸਾਹਿਬ ਦੇ ਪ੍ਰਬੰਧ ਚਲਾਉਣ ਲਈ 1956 ਦੇ ਐਕਟ ਨੂੰ ਨਾ ਬਦਲਣ ਲਈ ਸੰਤ ਸੀਚੇਵਾਲ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

## ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਕੋਲੋ ਦਖ਼ਲ ਦੀ ਕੀਤੀ ਮੰਗ

**ਕਪੂਰਥਲਾ , 26 ਜੂਨ,( ਕੌੜਾ )** - ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਾਂ ਲਈ ਬਣੇ 1956 ਦੇ ਐਕਟ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਾ ਕਰਨ ਦੀ ਮੰਗ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਪੱਤਰ ਲਿਖਿਆ ਹੈ। ਉਹਨਾਂ ਵੱਲੋਂ ਇਸ ਪੱਤਰ ਦਾ ਉਤਾਰਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਭੇਜ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ।ਆਪਣੇ ਪੱਤਰ ਵਿੱਚ ਸੰਤ ਸੀਚੇਵਾਲ ਨੇ ਕਿਹਾ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਰਕਾਰੀ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮਹਾਰਾਸ਼ਟਰ ਸਰਕਾਰ ਇਸ ਮਾਮਲੇ ਵਿੱਚ ਅੱਗੇ ਵਧਦੀ ਹੈ ਤਾਂ ਇਸ ਦਾ ਵਿਰੋਧ ਸਿਰਫ਼ ਮਹਾਰਾਸ਼ਟਰ



ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਦੇਸ਼-ਵਿਦੇਸ਼ ਵਿੱਚ ਵਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਵੀ ਤਿੱਖਾ ਪ੍ਰਤੀਕਰਮ ਸਾਹਮਣੇ ਆ ਸਕਦਾ ਹੈ,ਜਿਸਦਾ ਭਾਜਪਾ ਸਰਕਾਰ ਨੂੰ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਸਰਹੱਦੀ ਅਤੇ ਸੰਵੇਦਨਸ਼ੀਲ ਸੂਬਾ ਹੈ, ਜਿੱਥੇ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਅਮਨ-ਸ਼ਾਂਤੀ ਕਾਇਮ ਹੋਈ ਹੈ। ਇਸ ਲਈ ਸਰਕਾਰ ਨੂੰ ਅਜਿਹਾ ਕੋਈ ਵੀ ਕਦਮ ਨਹੀਂ ਚੁੱਕਣਾ ਚਾਹੀਦਾ ਜੋ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਮਾਹੌਲ ਨੂੰ ਪ੍ਰਭਾਵਿਤ ਕਰੇ। ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਜ਼ੋਰ ਦੇ ਕੇ ਕਿਹਾ ਕਿ ਇਹ ਮਾਮਲਾ ਸਿੱਖ ਕੌਮ ਦੇ ਬੁਨਿਆਦੀ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ। ਸਿੱਖ ਕੌਮ ਆਪਣੀਆਂ ਧਾਰਮਿਕ ਸੰਸਥਾਵਾਂ ਦਾ ਪ੍ਰਬੰਧ ਖ਼ੁਦ ਕਰਨ ਦੇ ਯੋਗ ਹੈ ਅਤੇ ਇਸ ਵਿੱਚ ਕਿਸੇ ਵੀ ਸਰਕਾਰੀ ਦਖ਼ਲ ਦੀ ਲੋੜ ਨਹੀਂ ਹੈ।

ਉਨ੍ਹਾਂ ਲਿਖਿਆ ਕਿ ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੇ ਗੁਰਮਤਾ ਪਾਸ ਕਰਕੇ ਮਹਾਰਾਸ਼ਟਰ ਸਰਕਾਰ ਵੱਲੋਂ 1956 ਦੇ ਐਕਟ ਨੂੰ ਰੱਦ ਕਰਕੇ ਨਵਾਂ ਕਾਨੂੰਨ ਲਿਆਉਣ ਦੇ ਪ੍ਰਸਤਾਵ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ ਤਾਂ ਸਰਕਾਰ ਨੂੰ ਇਸ ਬਿੱਲ ਨੂੰ ਅੱਗੇ ਨਹੀਂ ਵਧਾਉਣਾ ਚਾਹੀਦਾ।ਸੰਤ ਸੀਚੇਵਾਲ ਨੇ ਕਿਹਾ ਕਿ ਸਿੱਖ ਸੰਸਥਾਵਾਂ ਦੀ ਖ਼ੁਦਮੁਖਤਿਆਰੀ ਵਿੱਚ ਦਖ਼ਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਦਾ ਸੰਗਤਾਂ ਨੇ ਹਮੇਸ਼ਾ ਡਟ ਕੇ ਵਿਰੋਧ ਕੀਤਾ ਹੈ। ਉਨ੍ਹਾਂ ਯਾਦ ਦਿਵਾਇਆ ਕਿ ਮਹਾਰਾਸ਼ਟਰ ਸਰਕਾਰ ਨੇ 2015 ਤੋਂ ਵੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਾਂ ਵਿੱਚ ਦਖ਼ਲ ਦੇ ਯਤਨ ਕੀਤੇ ਸਨ। ਉਨ੍ਹਾਂ ਇਹ ਵੀ ਦਰਸਾਇਆ ਕਿ ਫਰਵਰੀ 2024 ਵਿੱਚ ਮਹਾਰਾਸ਼ਟਰ ਸਰਕਾਰ ਇੱਕ ਅਜਿਹੀ ਸੋਧ ਲਿਆਉਣਾ ਚਾਹੁੰਦੀ ਸੀ ਜਿਸ ਤਹਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ 17 ਮੈਂਬਰੀ ਬੋਰਡ ਵਿੱਚੋਂ 12 ਮੈਂਬਰਾਂ ਅਤੇ ਪ੍ਰਧਾਨ ਨੂੰ ਸਿੱਧੇ ਤੌਰ 'ਤੇ ਨਾਮਜ਼ਦ ਕਰਨ ਦਾ ਅਧਿਕਾਰ ਸਰਕਾਰ ਨੂੰ ਮਿਲ ਜਾਣਾ ਸੀ। ਸਿੱਖ ਸੰਗਤਾਂ ਅਤੇ ਧਾਰਮਿਕ ਸੰਸਥਾਵਾਂ ਦੇ ਤਿੱਖੇ ਵਿਰੋਧ ਕਾਰਨ ਸਰਕਾਰ ਨੂੰ ਉਹ ਪ੍ਰਸਤਾਵ ਵਾਪਸ ਲੈਣਾ ਪਿਆ ਸੀ।

# ਪਿੰਡ ਰਾਜੋਆਣਾ ਕਲਾਂ ਤੇ ਰਾਜੋਆਣਾ ਖ਼ੁਰਦ ਦੇ ਸਮਾਜ ਸੇਵੀ ਤੇ ਉਦਮੀ ਨੌਜਵਾਨਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



**ਰਾਏਕੋਟ, ਜੂਨ ( ਗੁਰਭਿੰਦਰ ਗੁਰੀ )**: ਹਲਕਾ ਰਾਏਕੋਟ ਦੇ ਅਧੀਨ ਪੈਂਦੇ ਪਿੰਡ ਰਾਜੋਆਣਾ ਕਲਾਂ ਅਤੇ ਰਾਜੋਆਣਾ ਖੁਰਦ ਦੇ ਸਮਾਜ ਸੇਵੀ ਤੇ ਉਦਮੀ ਨੌਜਵਾਨਾਂ ਵੱਲੋਂ ਐਚਪੀ ਗੈਸ, ਗਦਾਮ ਮੇਨ ਰੋਡ ਤੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਹ ਛਬੀਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ, ਜਿਸ 'ਚ ਵੱਡੀ ਗਿਣਤੀ ਵਿਚ ਰਾਹਗੀਰਾਂ, ਯਾਤਰੀਆਂ ਅਤੇ ਆਮ ਲੋਕਾਂ ਨੂੰ ਠੰਢਾ-ਮਿੱਠਾ ਜਲ ਛਕਾਇਆ ਗਿਆ। ਇਸ ਮੌਕੇ ਐਚਪੀ ਗੈਸ ਦੇ ਸਾਰੇ ਕਰਮਚਾਰੀ ਤੇ ਜੀ.ਕੇ ਗੈਸ ਦੇ ਪ੍ਰੋਪਰਾਇਟਰ ਸੁਖਦੇਵ ਸਿੰਘ, ਸੰਦੀਪ ਸਿੰਘ ਗੋਲੂ, ਨਵਜੋਤ ਸਿੰਘ ਠੇਕੇਦਾਰ, ਪੁਨੀਤਪਾਲ ਸਿੰਘ, ਗੁਰਵਿੰਦਰ ਸਿੰਘ, ਧਰਮਿੰਦਰ ਸਿੰਘ ਅੱਬੂਵਾਲ , ਜੱਗਾ ਪ੍ਰਧਾਨ , ਪਵਨਦੀਪ ਸਿੰਘ,ਨੀਟੂ ਰਾਜੋਆਣਾ, ਸਿਮਰਨਜੀਤ ਸਿੰਘ, ਗੁਰਦੀਪ ਸਿੰਘ, ਰਵੀ ਰਾਜੋਆਣਾ, ਇੰਦਰ ਐਤੀਆਣਾ,ਜਸਦੀਪ ਸਿੰਘ,ਪੀਤਾ ਲੀਲਾ, ਗੋਪੀ ਐਤੀਆਣਾ, ਬਿੰਦਾ ਅਕਾਲਗੜ੍ਹ, ਕਾਲਾ ਢਾਬੇ ਵਾਲਾ, ਹਿੰਮਤ ਰਾਜੋਆਣਾ, ਬਿੰਦੂ ਵਰਮੀ ਦੇ ਸੇਵਾਦਾਰਾਂ ਵੱਲੋਂ ਸੜਕ ਤੇ ਲੰਘ ਰਹੇ ਵਾਹਨਾਂ ਨੂੰ ਰੋਕ ਕੇ ਯਾਤਰੀਆਂ ਨੂੰ ਠੰਡਾ ਮਿੱਠਾ ਜਲ ਸਕਾਇਆ ਗਿਆ। ਸੇਵਾਦਾਰਾਂ ਨੇ ਪੂਰੇ ਉਤਸਾਹ ਨਾਲ ਸੇਵਾ ਨਿਭਾਈ।

# ਦਰਸ਼ਨ ਸਿੰਘ ਬਾਜਵਾ ਸੰਪਾਦਕ ਅੰਬੇਦਕਰੀ ਦੀਪ ਨੂੰ ਇੰਚਾਰਜ ਨਿਯੁਕਤ -- ਰਾਮਜੀ ਗੋਤਮ ,ਵਿਪਨ , ਕਰੀਮਪੁਰੀ

**ਬਰਨਾਲਾ (ਚਰਨਜੀਤ ਸੱਲ੍ਹਾ )** ਅੱਜ ਤਰਕਸ਼ੀਲ ਭਵਨ ਬਰਨਾਲਾ ਵਿਖੇ ਦਰਸਨ ਸਿੰਘ ਬਾਜਵਾ ਸੰਪਾਦਕ ਅੰਬੇਡਕਰੀ ਦੀਪ ਨੂੰ ਬਹੁਜਨ ਸਮਾਜ ਪਾਰਟੀ ਹਲਕਾ ਮਹਿਲ ਕਲਾਂ ਦਾ ਇੰਚਾਰਜ ਨਿਯੁਕਤ ਕੀਤਾ ਗਿਆ, ਇਸ ਸਮੇਂ ਕੇਦਰੀਂ ਇੰਚਾਰਜ ਰਾਮ ਜੀ ਗੌਤਮ ਰਾਜ ਸਭਾ ਮੈਂਬਰ, ਬਿਪਲ ਕੁਮਾਲ ਇੰਚਾਰਜ ਪੰਜਾਬ, ਅਵਤਾਰ ਸਿੰਘ ਕਰੀਮਪੁਰੀ ਪਰਧਾਨ ਪੰਜਾਬ,ਅਮਰਜੀਤ ਸਿੰਘ ਝਲੂਰ ਜੌਨ ਇੰਚਾਰਜ, ਪਰੀਤਮ ਸਿੰਘ ਜੋਹਲ,



ਇੰਚਾਰਜ ਲੋਕ ਸਭਾ, ਡਾਕਟਰ ਮੱਖਣ ਸਿੰਘ ਇੰਚਾਰਜ ਲੋਕ ਸਭਾ, ਨਿਰਮਲ ਸਿੰਘ ਨਿੰਮਾਆ ਸਾਬਕਾ MLA, ਸਰਬਜੀਤ ਸਿੰਘ ਖੇੜੀ, ਹਲਕਾ ਮਹਿਲ ਕਲਾਂ ਦੀ ਸਮੁੱਚੀ ਲੀਡਰਸਿੱਪ ਤੇ ਜਿਲਾ ਬਰਨਾਲਾ ਦੀ ਸਮੁੱਚੀ ਲੀਡਰ ਸਿਪ ਤੇ ਸਮੁਚੇ ਵਰਕਰ ਹਾਜਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿੱਚ ਰਕਬਾ (ਲੁਧਿਆਣਾ) ਵਿਖੇ ਲਾਇਬਰੇਰੀ ਸਥਾਪਿਤ ਕਰਨ ਦਾ ਫ਼ੈਸਲਾ - ਪ੍ਰੋ: ਗੁਰਭਜਨ ਸਿੰਘ ਗਿੱਲ

**ਲੁਧਿਆਣਾ 26 ਜੂਨ (ਕਰਨੈਲ ਸਿੰਘ ਐੱਮ.ਏ.)** ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਵੱਲੋਂ ਲੁਧਿਆਣਾ ਵਿਖੇ ਕਰਵਾਈ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਰਕਬਾ (ਲੁਧਿਆਣਾ) ਵਿਖੇ ਇਸੇ ਸਾਲ ਲਾਇਬਰੇਰੀ ਸਥਾਪਿਤ ਕੀਤੀ ਜਾਵੇਗੀ।

ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਦੇ ਬੁਲਾਵੇ ਤੇ ਸ਼ਹੀਦ ਭਗਤ ਸਿੰਘ ਨਗਰ ਵਿਖੇ ਫਾਊਂਡੇਸ਼ਨ ਦੇ ਸਰਪ੍ਰਸਤ ਪ੍ਰੋ: ਗੁਰਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਇਹ ਫ਼ੈਸਲਾ ਕੀਤਾ ਗਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਭਵਨ ਵਿਖੇ ਲਾਇਬਰੇਰੀ ਬਣਾਈ ਜਾਵੇਗੀ।

ਫਾਊਂਡੇਸ਼ਨ ਦੇ ਸਰਪ੍ਰਸਤ ਸਾਬਕਾ ਮੰਤਰੀ ਸ੍ਰ: ਮਲਕੀਤ ਸਿੰਘ ਦਾਖਾ ਨੇ ਕਿਹਾ ਕਿ ਪੰਜਾਬ ਦੀ ਅਸਲ ਸ਼ਕਤੀ ਸ਼ਬਦ ਵਿੱਚ ਹੈ। ਸ਼ਬਦਾਂ ਨਾਲ ਸਾਂਝ ਵਧਾ ਕੇ ਹੀ ਅਸੀਂ ਵਿਕਾਸਮੁਖੀ ਸੋਚ ਅਖ਼ਤਿਆਰ ਕਰ ਸਕਦੇ ਹਾਂ। ਉਨ੍ਹਾਂ ਇਸ ਲਾਇਬਰੇਰੀ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਵਿਸ਼ਵਾਸ ਦਿੱਤਾ।

ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਉਹ ਆਪਣੇ ਪਰਿਵਾਰਕ ਸਰੋਤਾਂ ਤੋਂ 251 ਕਿਤਾਬਾਂ ਇਸ ਲਾਇਬਰੇਰੀ ਨੂੰ ਭੇਂਟ ਕਰਨ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਨਾਲ ਸੰਪਰਕ ਕਰਕੇ ਪੁਸਤਕ ਦਾਨ ਮੁਹਿੰਮ ਦਾ ਹਿੱਸਾ ਬਣਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿਆਸਤਦਾਨ ਜੇਕਰ ਪੜ੍ਹਨ ਲਿਖਣ ਵਾਲੇ ਪਾਸੇ ਤੁਰਨ ਤਾਂ ਉਨ੍ਹਾਂ ਦੀ ਬੋਲ ਬਾਣੀ ਸੁਧਰ ਸਕਦੀ ਹੈ। ਅੱਜ ਜੇ ਸਾਡੇ ਬਹੁਤੇ ਸਿਆਸਤਦਾਨ ਇੱਕ ਦੂਜੇ ਲਈ ਮੰਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ ਤਾਂ ਇਸ ਦੀ ਜੜ੍ਹ ਇੱਥੇ ਹੀ ਪਈ ਹੈ ਕਿ ਸ਼ਬਦ ਸਾਡੀ ਸੋਚ ਦਾ ਹਿੱਸਾ ਨਹੀਂ ਰਿਹਾ। ਇਹ ਲਾਇਬਰੇਰੀਆਂ ਸਾਡੇ ਸਮਾਜਿਕ ਜੀਵਨ ਨੂੰ ਸੰਵਾਰਨ ਵਿੱਚ ਮਦਦਗਾਰ ਸਾਬਤ ਹੋ ਸਕਦੀਆਂ ਹਨ।



ਇਸ ਮੌਕੇ ਬੋਲਦਿਆਂ ਸ੍ਰ: ਅਮਰਜੀਤ ਸਿੰਘ ਟਿੱਕਾ ਨੇ ਕਿਹਾ ਉਹ ਬਾਬਾ ਦੀਪ ਸਿੰਘ ਟ੍ਰਸਟ, ਮਾਡਲ ਟਾਊਨ ਲੁਧਿਆਣਾ ਵੱਲੋਂ ਵੀ ਇਸ ਸ਼ੁਭ ਕਾਰਜ ਲਈ ਸਹਿਯੋਗ ਦੇਣ ਲਈ ਟ੍ਰਸਟ ਨੂੰ ਮਸ਼ਵਰਾ ਦੇਣਗੇ। ਨਿੱਜੀ ਤੌਰ ਤੇ ਵੀ ਉਹ ਇਸ ਪ੍ਰਾਜੈਕਟ ਲਈ ਮੁਹਿੰਮ ਚਲਾਉਣਗੇ। ਸ੍ਰ: ਗੁਰਦੇਵ ਸਿੰਘ ਲਾਪਰਾਂ ਨੇ ਕਿਹਾ ਕਿ ਉਹ ਆਪਣੇ ਨਿੱਜੀ ਸਰੋਤਾਂ ਤੋਂ ਕਿਤਾਬਾਂ ਲਈ ਅਲਮਾਰੀਆਂ ਦਾਨ ਕਰਨਗੇ। ਉੱਘੇ ਸਮਾਜਿਕ ਆਗੂ ਸ੍ਰ: ਜਸਵੰਤ ਸਿੰਘ ਛਾਪਾ ਨੇ ਕਿਹਾ ਕਿ ਕੁਝ ਸਾਲ ਪਹਿਲਾਂ "ਸਰਬੱਤ ਦਾ ਭਲਾ ਟ੍ਰਸਟ" ਪਟਿਆਲਾ ਵੱਲੋਂ "ਸ਼ਬਦ ਪ੍ਰਕਾਸ਼ ਭਵਨ" ਦੀ ਉਸਾਰੀ ਵਿੱਚ ਸ. ਸ ਪ ਸ ਓਬਰਾਏ ਨੇ ਮੇਰੀ ਬੇਨਤੀ ਪ੍ਰਵਾਨ ਕਰਦੇ ਹੋਏ ਵੱਡਾ ਹਿੱਸਾ ਪਾਇਆ ਸੀ। ਇਸ ਸਥਾਨ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਬਾਣੀਕਾਰਾਂ ਦੀਆਂ ਮੌਲਿਕ ਪੇਂਟਿੰਗਜ਼ ਦੀ ਪ੍ਰਦਰਸ਼ਨੀ ਸੁਭਾਇਮਾਨ ਹੈ। ਇਸ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਬਹੁਤ ਸ਼ਰਧਾ ਨਾਲ ਵੇਖਦੀਆਂ ਹਨ।

ਇਸ ਮੌਕੇ ਸ੍ਰ: ਮਲਕੀਤ ਸਿੰਘ ਦਾਖਾ ਤੇ ਕ੍ਰਿਸ਼ਨ ਕੁਮਾਰ ਬਾਵਾ ਨੂੰ ਦੋਸ਼ਾਲੇ , ਪੁਸਤਕਾਂ ਤੇ ਬਾਕੀ ਸ਼ਖ਼ਸੀਅਤਾਂ ਜਗਦੀਸ਼ਪਾਲ ਸਿੰਘ ਗਰੇਵਾਲ, ਜਸਵੰਤ ਸਿੰਘ ਛਾਪਾ, ਪ੍ਰਿੰਸ, ਅਮਰਜੀਤ ਸਿੰਘ ਟਿੱਕਾ, ਗੁਰਦੇਵ ਸਿੰਘ ਲਾਪਰਾਂ ਨੂੰ ਵੀ ਪੁਸਤਕਾਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

# ਭਾਰਤ-ਅਮਰੀਕਾ ਟ੍ਰੇਡ ਡੀਲ ਦੇ ਖ਼ਿਲਾਫ਼ ਸਾਂਝੇ ਸੰਘਰਸ਼ ਦਾ ਐਲਾਨ, ਵੱਖ-ਵੱਖ ਕਿਸਾਨ-ਮਜ਼ਦੂਰ ਸੰਗਠਨਾਂ ਦੀ ਮੀਟਿੰਗ ਸੰਪੰਨ

## ਖੇਤੀਬਾੜੀ, ਪਸ਼ੂ ਪਾਲਣ, ਰੋਜ਼ਗਾਰ ਅਤੇ ਖਾਦ ਸੁਰੱਖਿਆ ਨਾਲ ਜੁੜੇ ਮੁੱਦਿਆਂ ਉੱਤੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾਵੇਗਾ- ਸੁਖ ਗਿੱਲ, ਜਥੇ: ਨਿਮਾਣਾ

**ਚੰਡੀਗੜ੍ਹ/ਲੁਧਿਆਣਾ 26 ਜੂਨ (ਕਰਨੈਲ ਸਿੰਘ ਐੱਮ.ਏ.)** ਮਿਤੀ 25 ਜੂਨ ਨੂੰ ਕਿਸਾਨ ਭਵਨ, ਸੈਕਟਰ-35 ਏ, ਚੰਡੀਗੜ੍ਹ ਵਿਖੇ ਵੱਖ-ਵੱਖ ਕਿਸਾਨ, ਮਜ਼ਦੂਰ ਅਤੇ ਸਮਾਜਿਕ ਸੰਗਠਨਾਂ ਦੀ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਭਾਰਤ-ਅਮਰੀਕਾ ਪ੍ਰਸਤਾਵਿਤ ਟ੍ਰੇਡ ਡੀਲ ਦੇ ਕਿਸਾਨਾਂ, ਮਜ਼ਦੂਰਾਂ, ਪਸ਼ੂ ਪਾਲਕਾਂ, ਛੋਟੇ ਵਪਾਰੀਆਂ ਅਤੇ ਦੇਸ਼ ਦੀ ਖਾਦ ਅਤੇ ਆਰਥਿਕ ਸੰਪ੍ਰਭੁਤਾ ਉੱਤੇ ਪੈਣ ਵਾਲੇ ਸੰਭਾਵਿਤ ਨਕਾਰਾਤਮਕ ਪ੍ਰਭਾਵਾਂ ਬਾਰੇ ਗੰਭੀਰ ਚਰਚਾ ਕੀਤੀ ਗਈ।

ਮੀਟਿੰਗ ਵਿੱਚ ਐੱਸ.ਕੇ. ਐੱਮ.(ਗੈਰ-ਰਾਜਨੀਤਿਕ), ਏ.ਕੇ.ਐੱਮ.ਪੰਜਾਬ ਫੋਰਮ (ਆਜ਼ਾਦ ਕਿਸਾਨ ਮੋਰਚਾ ਪੰਜਾਬ),ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਹਰਿਆਣਾ, ਰਾਸ਼ਟਰੀ ਕਿਸਾਨ ਮਹਾਸੰਘ,ਐਸ ਕੇ ਐਮ 32 ਜਥੇਬੰਦੀਆਂ,ਆਲ ਇੰਡੀਆ ਐੱਮ.ਐੱਸ.ਪੀ.ਮੋਰਚਾ ਸਮੇਤ ਵੱਖ-ਵੱਖ ਸੰਗਠਨਾਂ ਦੇ ਸਨਮਾਨਿਤ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਹਰਿਆਣਾ, ਪੰਜਾਬ, ਰਾਜਸਥਾਨ, ਮਹਾਂਰਾਸ਼ਟਰ, ਕੇਰਲ, ਓਡੀਸ਼ਾ, ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ਼ ਆਦਿ ਕਈ ਰਾਜਾਂ ਤੋਂ ਕਿਸਾਨ ਨੁਮਾਇੰਦੇ ਮੌਜੂਦ ਰਹੇ।

ਸਾਰੇ ਸੰਗਠਨਾਂ ਨੇ ਇਕਸੁਰ ਹੋ ਕੇ ਫ਼ੈਸਲਾ ਕੀਤਾ ਕਿ ਭਾਰਤ-ਅਮਰੀਕਾ ਟ੍ਰੇਡ ਡੀਲ ਦੇ ਖ਼ਿਲਾਫ਼ ਵਿਆਪਕ ਪੱਧਰ 'ਤੇ ਸਾਂਝਾ ਸੰਘਰਸ਼ ਚਲਾਇਆ ਜਾਵੇਗਾ। ਬੋਲਣ ਵਾਲਿਆਂ ਨੇ ਕਿਹਾ ਕਿ ਇਹ ਡੀਲ ਦੇਸ਼ ਦੇ ਕਿਸਾਨਾਂ, ਪਸ਼ੂ ਪਾਲਕਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹਿੱਤਾਂ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਇਸ ਲਈ ਸਾਰੇ ਸੰਗਠਨ ਆਪਣੇ ਆਪਸੀ ਮਤਭੇਦ ਭੁਲਾ ਕੇ ਇੱਕ ਮੰਚ 'ਤੇ ਆ ਕੇ ਇਸ ਲੜਾਈ ਨੂੰ ਮਜ਼ਬੂਤੀ ਨਾਲ ਲੜਨਗੇ। ਮੀਟਿੰਗ ਵਿੱਚ ਅੱਗੇ ਦੀ ਰਣਨੀਤੀ ਤੈਅ ਕਰਨ ਲਈ 1 ਜੁਲਾਈ 2026 ਨੂੰ ਕਿਸਾਨ ਭਵਨ, ਸੈਕਟਰ-35 ਏ, ਚੰਡੀਗੜ੍ਹ ਵਿਖੇ ਸਾਰੇ ਭਾਗੀਦਾਰ ਫੋਰਮਾਂ ਅਤੇ ਸੰਗਠਨਾਂ ਦੇ ਪੰਜ-ਪੰਜ ਪ੍ਰਮੁੱਖ ਨੁਮਾਇੰਦਿਆਂ ਦੀ ਮੀਟਿੰਗ ਬੁਲਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਭਾਰਤ-ਅਮਰੀਕਾ ਟ੍ਰੇਡ ਡੀਲ ਦੇ ਖ਼ਿਲਾਫ਼ ਸਾਂਝੇ ਸੰਘਰਸ਼ ਦੀ ਵਿਸਥਾਰਤ ਰਣਨੀਤੀ, ਕਾਰਜਕ੍ਰਮਾਂ ਦੀ ਰੂਪ-ਰੇਖਾ ਅਤੇ ਅੰਦੋਲਨ ਦੇ ਅਗਲੇ ਪੜਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਨਾਲ ਹੀ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਜਿਹੜੇ ਕਿਸਾਨ, ਮਜ਼ਦੂਰ ਅਤੇ ਸਮਾਜਿਕ ਸੰਗਠਨ ਜਾਂ ਉਨ੍ਹਾਂ ਦੇ ਨੁਮਾਇੰਦੇ ਕਿਸੇ ਕਾਰਨ ਕਰਕੇ ਅੱਜ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ, ਉਨ੍ਹਾਂ ਨੂੰ ਵੀ 1 ਜੁਲਾਈ ਦੀ ਮੀਟਿੰਗ ਵਿੱਚ ਸੱਦਾ ਦਿੱਤਾ ਜਾਵੇਗਾ, ਤਾਂ ਜੋ ਟ੍ਰੇਡ ਡੀਲ ਦੇ ਖ਼ਿਲਾਫ਼ ਵੱਧ ਤੋਂ ਵੱਧ ਸੰਗਠਨਾਂ ਨੂੰ ਇੱਕ ਮੰਚ 'ਤੇ ਲਿਆ ਕੇ ਵਿਆਪਕ, ਮਜ਼ਬੂਤ ਅਤੇ ਪ੍ਰਭਾਵਸ਼ਾਲੀ ਸਾਂਝੇ ਸੰਘਰਸ਼ ਦੀ ਰਣਨੀਤੀ ਤਿਆਰ ਕੀਤੀ ਜਾ ਸਕੇ।



ਇਸ ਸਮੇਂ ਅਜਾਦ ਕਿਸਾਨ ਮੋਰਚਾ ਪੰਜਾਬ ਦੇ ਪ੍ਰਮੁੱਖ ਆਗੂ ਸੁਖ ਗਿੱਲ ਮੋਗਾ, ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਮੀਟਿੰਗ ਵਿੱਚ ਮੌਜੂਦ ਹੋਰ ਆਗੂਆਂ ਨੇ ਸਪਸ਼ਟ ਕਿਹਾ ਕਿ ਦੇਸ਼ ਦੀ ਖੇਤੀਬਾੜੀ, ਪਸ਼ੂ ਪਾਲਣ, ਰੋਜ਼ਗਾਰ ਅਤੇ ਖਾਦ ਸੁਰੱਖਿਆ ਨਾਲ ਜੁੜੇ ਮੁੱਦਿਆਂ ਉੱਤੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾਵੇਗਾ। ਜੇਕਰ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਸਾਂਝਾ ਮੋਰਚਾ ਦੇਸ਼-ਪੱਧਰੀ ਅੰਦੋਲਨ ਦਾ ਰਾਹ ਅਪਣਾਉਣ ਲਈ ਮਜ਼ਬੂਰ ਹੋਵੇਗਾ।

# 28 ਜੂਨ ਨੂੰ ਆਪਣੇ 0 ਤੋਂ 5 ਸਾਲ ਤੱਕ ਦੇ ਹਰ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾਓ - ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 28 ਜੂਨ ਤੋਂ ਸ਼ੁਰੂ ਹੋ ਰਹੀ ਤਿੰਨ ਦਿਨਾ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ 0 ਤੋਂ 5 ਸਾਲ ਤੱਕ ਦੇ ਹਰ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾ ਕੇ ਇਸ ਰਾਸ਼ਟਰੀ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੋਲੀਓ ਇੱਕ ਗੰਭੀਰ ਅਤੇ ਸਥਾਈ ਅਪਾਹਜਤਾ ਦਾ ਕਾਰਨ ਬਣ ਸਕਣ ਵਾਲੀ ਬਿਮਾਰੀ ਹੈ, ਜਿਸ ਤੋਂ ਬੱਚਿਆਂ ਦੀ ਸੁਰੱਖਿਆ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਪੋਲੀਓ ਰੋਕੂ ਬੂੰਦਾਂ ਪਿਲਾਉਣਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਭਾਰਤ ਪੋਲੀਓ ਮੁਕਤ ਹੈ, ਪਰ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਤੇ ਅਫਗਾਨਿਸਤਾਨ ਵਿੱਚ ਅਜੇ ਵੀ ਪੋਲੀਓ ਵਾਇਰਸ ਮੌਜੂਦ ਹੈ ਜੋ ਭਾਰਤ ਵਿੱਚ ਵੀ ਪ੍ਰਵੇਸ਼ ਕਰ ਸਕਦਾ ਹੈ। ਇਸ ਲਈ ਹਰ ਬੱਚੇ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਰ ਬੱਚੇ ਨੂੰ ਹਰ ਵਾਰ ਪੋਲੀਓ ਰੋਕੂ ਬੂੰਦਾਂ ਪਿਲਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ 28 ਜੂਨ ਨੂੰ ਜ਼ਿਲ੍ਹੇ ਭਰ ਵਿੱਚ ਸਥਾਪਿਤ ਪੋਲੀਓ ਬੂਥਾਂ 'ਤੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ, ਜਦਕਿ 29 ਅਤੇ 30 ਜੂਨ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਉਨ੍ਹਾਂ ਬੱਚਿਆਂ ਨੂੰ ਬੂੰਦਾਂ ਪਿਲਾਉਣਗੀਆਂ ਜੋ ਪਹਿਲੇ ਦਿਨ ਬੂਥਾਂ ਤੱਕ ਨਹੀਂ ਪਹੁੰਚ ਸਕਣਗੇ।



ਸ. ਔਲਖ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਜਾਂ ਭਰਮ ਵਿੱਚ ਨਾ ਆਉਣ ਅਤੇ ਆਪਣੇ ਹਰ ਬੱਚੇ ਨੂੰ, ਭਾਵੇਂ ਉਸ ਨੂੰ ਪਹਿਲਾਂ ਵੀ ਪੋਲੀਓ ਦੀਆਂ ਬੂੰਦਾਂ ਪਿਲਾਈਆਂ ਜਾ ਚੁੱਕੀਆਂ ਹੋਣ ਜਾਂ ਨਿਯਮਿਤ ਟੀਕਾਕਰਨ ਹੋਇਆ ਹੋਵੇ, ਇਸ ਮੁਹਿੰਮ ਦੌਰਾਨ ਦੁਬਾਰਾ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾਉਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਮੁਹਿੰਮ ਦੇ ਸਫ਼ਲ ਸੰਚਾਲਨ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਸਮਾਜਿਕ, ਧਾਰਮਿਕ ਅਤੇ ਸਵੈ-ਸੇਵੀ ਸੰਸਥਾਵਾਂ, ਪੰਚਾਇਤ ਨੁਮਾਇੰਦਿਆਂ, ਆਸ਼ਾ ਵਰਕਰਾਂ ਅਤੇ ਆਮ ਲੋਕਾਂ ਨੂੰ ਵੀ ਇਸ ਜਨਹਿੱਤ ਮੁਹਿੰਮ ਵਿੱਚ ਸਰਗਰਮ ਸਹਿਯੋਗ ਦੇਣ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਵਿਸ਼ਵਾਸ ਪ੍ਰਗਟਾਇਆ ਕਿ ਜ਼ਿਲ੍ਹਾ ਵਾਸੀਆਂ ਦੇ ਸਹਿਯੋਗ ਨਾਲ ਜ਼ਿਲ੍ਹੇ ਦਾ ਕੋਈ ਵੀ 0 ਤੋਂ 5 ਸਾਲ ਤੱਕ ਦਾ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਹੀਂ ਰਹੇਗਾ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੋਲੀਓ ਮੁਕਤ ਭਾਰਤ ਦੀ ਮਜ਼ਬੂਤੀ ਵਿੱਚ ਆਪਣਾ ਅਹਿਮ ਯੋਗਦਾਨ ਪਾਵੇਗਾ।

# ਟਰੱਕ ਆਪਰੇਟਰਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਬ੍ਰਿਗੇਡੀਅਰ ਰਾਜ ਕੁਮਾਰ ਨੇ ਦਿੱਤਾ ਭਰੋਸਾ

## ਦੀ ਪਬਲਿਕ ਟਰੱਕ ਯੂਨੀਅਨ ਕੈਰੀਅਰ ਬਲਾਚੌਰ ਵਿਖੇ ਆਪ ਆਗੂ ਨੇ ਕੀਤੀ ਅਹਿਮ ਮੀਟਿੰਗ, ਟਰੱਕ ਉਦਯੋਗ ਦੀਆਂ ਮੁਸ਼ਕਿਲਾਂ ਜਲਦ ਹੱਲ ਕਰਨ ਦਾ ਦਿੱਤਾ ਵਿਸ਼ਵਾਸ

**ਬਲਾਚੌਰ, 26 ਜੂਨ (ਜਤਿੰਦਰਪਾਲ ਸਿੰਘ ਕਲੇਰ)** ਬਲਾਚੌਰ ਖੇਤਰ ਦੇ ਟਰੱਕ ਉਦਯੋਗ ਅਤੇ ਆਪਰੇਟਰਾਂ ਨੂੰ ਦਰਪੇਸ਼ ਆ ਰਹੀਆਂ ਗੰਭੀਰ ਸਮੱਸਿਆਵਾਂ ਦੇ ਨਿਪਟਾਰੇ ਲਈ ਅੱਜ ਇੱਕ ਅਹਿਮ ਅਤੇ ਉਤਸ਼ਾਹਜਨਕ ਕਦਮ ਚੁੱਕਿਆ ਗਿਆ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਸਮਾਜ ਭਲਾਈ ਬੋਰਡ ਦੇ ਚੇਅਰਮੈਨ ਬ੍ਰਿਗੇਡੀਅਰ (ਰਿਟਾਇਰਡ) ਰਾਜ ਕੁਮਾਰ ਅੱਜ ਵਿਸ਼ੇਸ਼ ਤੌਰ 'ਤੇ 'ਦੀ ਪਬਲਿਕ ਟਰੱਕ ਯੂਨੀਅਨ ਕੈਰੀਅਰ ਬਲਾਚੌਰ' ਦੇ ਦਫ਼ਤਰ ਵਿਖੇ ਪਹੁੰਚੇ। ਉਨ੍ਹਾਂ ਦੇ ਇੱਥੇ ਪਹੁੰਚਣ 'ਤੇ ਯੂਨੀਅਨ ਦੀ ਪ੍ਰਬੰਧਕੀ ਕਮੇਟੀ ਅਤੇ ਵੱਡੀ ਗਿਣਤੀ ਵਿੱਚ ਹਾਜ਼ਰ ਟਰੱਕ ਆਪਰੇਟਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਸਮਾਜ ਵੀਕਲੀ ਨਿਊਜ਼

ਇਸ ਦੌਰਾਨ ਟਰੱਕ ਆਪਰੇਟਰਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਅਤੇ ਮੁਸ਼ਕਿਲਾਂ ਨੂੰ ਲੈ ਕੇ ਇੱਕ ਵਿਸ਼ੇਸ਼ ਅਤੇ ਵਿਸਥਾਰਪੂਰਵਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਅਹਿਮ ਇਕੱਤਰਤਾ ਦੌਰਾਨ ਯੂਨੀਅਨ ਦੇ ਪ੍ਰਧਾਨ ਮਿਹਰ ਸ਼ਾਮ ਕਟਾਰੀਆ ਨੇ ਬ੍ਰਿਗੇਡੀਅਰ ਰਾਜ ਕੁਮਾਰ ਨੂੰ ਟਰੱਕ ਉਦਯੋਗ ਦੀ ਮੌਜੂਦਾ ਸਥਿਤੀ ਅਤੇ ਆਪਰੇਟਰਾਂ ਨੂੰ ਰੋਜ਼ਾਨਾ ਦੇ ਕੰਮਕਾਜ ਵਿੱਚ ਪੇਸ਼ ਆ ਰਹੀਆਂ ਪ੍ਰਮੁੱਖ ਤੇ ਜਟਿਲ ਸਮੱਸਿਆਵਾਂ ਬਾਰੇ ਬਾਰੀਕੀ ਨਾਲ ਜਾਣੂ ਕਰਵਾਇਆ।



ਪ੍ਰਧਾਨ ਕਟਾਰੀਆ ਨੇ ਜ਼ੋਰ ਦੇ ਕੇ ਆਖਿਆ ਕਿ ਟਰੱਕ ਕਾਰੋਬਾਰ ਇਸ ਵੇਲੇ ਕਈ ਤਰ੍ਹਾਂ ਦੀਆਂ ਆਰਥਿਕ ਅਤੇ ਪ੍ਰਸ਼ਾਸਨਿਕ ਚੁਣੌਤੀਆਂ ਨਾਲ ਜੂਝ ਰਿਹਾ ਹੈ, ਜਿਸ ਕਾਰਨ ਟਰੱਕ ਆਪਰੇਟਰਾਂ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਅਤੇ ਸਬੰਧਤ ਵਿਭਾਗਾਂ ਨੂੰ ਇਸ ਰੁਜ਼ਗਾਰ ਨੂੰ ਬਚਾਉਣ ਲਈ ਤੁਰੰਤ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ। ਯੂਨੀਅਨ ਵੱਲੋਂ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਗਿਆ ਕਿ 'ਟਰੱਕ ਆਪਰੇਟਰ ਦੀ ਆਵਾਜ਼, ਸਾਡਾ ਹੱਕ' ਹੈ ਅਤੇ ਉਹ ਹੱਕ ਮੰਗਣ ਨਹੀਂ, ਬਲਕਿ ਆਪਣੇ ਹੱਕ ਲੈ ਕੇ ਰਹਿਣਗੇ।

ਟਰੱਕ ਆਪਰੇਟਰਾਂ ਅਤੇ ਯੂਨੀਅਨ ਆਗੂਆਂ ਦੀਆਂ ਸਾਰੀਆਂ ਮੁਸ਼ਕਿਲਾਂ ਨੂੰ ਬੜੇ ਧਿਆਨ ਅਤੇ ਹਮਦਰਦੀ ਨਾਲ ਸੁਣਨ ਤੋਂ ਬਾਅਦ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ ਨੇ ਹਾਜ਼ਰੀਨ ਨੂੰ ਪੂਰਨ ਵਿਸ਼ਵਾਸ ਦਿਵਾਇਆ ਕਿ ਉਹ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਜਲਦੀ ਹੀ ਸਬੰਧਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਅਤੇ ਸੀਨੀਅਰ ਅਫ਼ਸਰਾਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕਰਨਗੇ ਅਤੇ ਇਨ੍ਹਾਂ ਸਾਰੀਆਂ ਪ੍ਰੇਸ਼ਾਨੀਆਂ ਦਾ ਸਥਾਈ ਤੇ ਸਰਲ ਹੱਲ ਜਲਦ ਤੋਂ ਜਲਦ ਲੱਭਿਆ ਜਾਵੇਗਾ, ਤਾਂ ਜੋ ਟਰੱਕ ਉਦਯੋਗ ਨੂੰ ਮੁੜ ਲੀਹ 'ਤੇ ਲਿਆਂਦਾ ਜਾ ਸਕੇ।

ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਮਿਲੇ ਇਸ ਹਾਂ-ਪੱਖੀ ਅਤੇ ਮਜ਼ਬੂਤ ਭਰੋਸੇ ਤੋਂ ਬਾਅਦ ਸਮੁੱਚੀ ਟਰੱਕ ਯੂਨੀਅਨ ਅਤੇ ਹਾਜ਼ਰ ਆਪਰੇਟਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਯੂਨੀਅਨ ਦੇ ਆਗੂਆਂ ਵੱਲੋਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਸਰਕਾਰ ਤੇ ਪ੍ਰਸ਼ਾਸਨ ਨਾਲ ਹਰ ਸੰਭਵ ਸਹਿਯੋਗ ਕਰਨ ਦਾ ਭਰੋਸਾ ਜਤਾਇਆ ਗਿਆ। ਆਪਰੇਟਰਾਂ ਨੇ ਉਮੀਦ ਪ੍ਰਗਟਾਈ ਕਿ ਬ੍ਰਿਗੇਡੀਅਰ ਰਾਜ ਕੁਮਾਰ ਦੇ ਯਤਨਾਂ ਸਦਕਾ ਉਨ੍ਹਾਂ ਦੀਆਂ ਮੰਗਾਂ ਨੂੰ ਬਹੁਤ ਜਲਦੀ ਬੂਰ ਪਵੇਗਾ।

ਇਸ ਵਿਸ਼ੇਸ਼ ਮੌਕੇ 'ਤੇ ਯੂਨੀਅਨ ਦੇ ਪ੍ਰਧਾਨ ਮਿਹਰ ਸ਼ਾਮ ਕਟਾਰੀਆ ਤੋਂ ਇਲਾਵਾ ਤਰਨ-ਜੋਤ ਸਿੰਘ, ਨਾਥ ਰਾਮ, ਨਰਿੰਦਰ ਪਾਲ, ਜਸਪਾਲ ਸਿੰਘ ਬੱਲਾ, ਅਜੈਬ ਸਿੰਘ, ਗੁਰ ਇਕਬਾਲ ਸਿੰਘ, ਧਰਮਵੀਰ, ਮੁਨਸ਼ੀ ਹਰਮੇਸ਼ ਲਾਲ, ਮੁਨਸ਼ੀ ਰਾਜਕੁਮਾਰ, ਦੇਸ ਰਾਜ, ਕਰਨੈਲ ਸਿੰਘ ਰੈਲਮਾਜਰਾ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਟਰੱਕ ਆਪਰੇਟਰ, ਯੂਨੀਅਨ ਦਾ ਸਮੁੱਚਾ ਸਟਾਫ਼ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਡਿਪਟੀ ਕਮਿਸ਼ਨ ਵਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸਮੀਖਿਆ

## ਪ੍ਰਾਈਵੇਟ ਹਸਪਤਾਲਾਂ ਦੇ ਨੁਮਾਇੰਦਿਆਂ ਨਾਲ ਕੀਤੀ ਵਿਚਾਰ ਚਰਚਾ, ਕਿਹਾ ਵੱਧ ਤੋਂ ਵੱਧ ਹਸਪਤਾਲ ਹੋਣ ਸੂਚੀਬੱਧ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਵਿਚ ਚੱਲ ਰਹੀ ਮੁੱਖ ਮੰਤਰੀ ਸਿਹਤ ਯੋਜਨਾ ਦੀ ਅੱਜ ਇਥੇ ਸਮੀਖਿਆ ਕਰਦਿਆਂ ਨਿੱਜੀ ਹਸਪਤਾਲਾਂ ਦੇ ਨੁਮਾਇੰਦਿਆਂ ਨੂੰ ਤਾਕੀਦ ਕੀਤੀ ਕਿ ਇਸ ਸਕੀਮ ਤਹਿਤ ਹਸਪਤਾਲਾਂ ਨੂੰ ਸੂਚੀਬੱਧ ਕਰਾਇਆ ਜਾਵੇ ਤਾਂ ਜੋ ਜ਼ਿਲ੍ਹੇ ਦੇ ਹਰ ਖੇਤਰ ਵਿਚ ਲੋਕਾਂ ਨੂੰ ਇਲਾਜ ਦੀ ਸਹੂਲਤ ਮੁਹੱਈਆ ਕਰਵਾਈ ਜਾ ਸਕੇ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਹਸਪਤਾਲਾਂ ਤੋਂ ਆਏ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਪੰਜਾਬ ਵਿਚ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਵਿਚ ਹੁਸ਼ਿਆਰਪੁਰ ਜ਼ਿਲ੍ਹਾ ਚੌਥੇ ਸਥਾਨ 'ਤੇ ਹੈ ਜਿਥੇ 325023 ਕਾਰਡ ਬਣਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਸਕੀਮ ਸੂਚੀਬੱਧ ਹਸਪਤਾਲਾਂ ਵਿਚ 10 ਲੱਖ ਰੁਪਏ ਤੱਕ ਦੇ ਇਲਾਜ ਦੀ ਸਹੂਲਤ



ਮੁਹੱਈਆ ਕਰਵਾਉਂਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪ੍ਰਸ਼ਾਸਨ ਵਲੋਂ ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ ਲਾ ਕੇ ਲੋਕਾਂ ਦੇ ਕਾਰਡ ਬਣਾਏ ਗਏ ਹਨ ਅਤੇ ਇਹ ਰਜਿਸਟ੍ਰੇਸ਼ਨ ਸੀ.ਐਸ.ਸੀ. ਜਾਂ ਅਰੋਗਿਆ ਮਿਤਰਾ ਰਾਹੀਂ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਵਿਚ ਕਰਵਾਈ ਜਾ ਸਕਦੀ ਹੈ ਜਿਥੇ ਆਧਾਰ ਕਾਰਡ ਅਤੇ ਵੋਟਰ ਆਈ.ਡੀ. ਕਾਰਡ ਲੋੜੀਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਮੌਜੂਦਾ ਸਮੇਂ 8 ਹਸਪਤਾਲ ਸੂਚੀਬੱਧ ਕੀਤੇ ਗਏ ਹਨ ਜਿਨ੍ਹਾਂ ਵਿਚ ਧਾਮੀ ਨਰਸਿੰਗ ਹੋਮ ਹਸਪਤਾਲ, ਨਾਰਦ ਹਸਪਤਾਲ, ਪੀ.ਆਰ.ਕੇ.ਐਮ. ਮਾਡਰਨ ਹਸਪਤਾਲ, ਝਾਂਜੀ ਹਸਪਤਾਲ, ਸਵਾਮੀ ਪ੍ਰੇਮਾਨੰਦ ਹਸਪਤਾਲ, ਪ੍ਰਵੇਸ਼ ਹਸਪਤਾਲ, ਮੈਥਨ ਏਪੈਕਸ ਹਸਪਤਾਲ ਅਤੇ ਸੈਂਟਰਲ ਹਸਪਤਾਲ ਸ਼ਾਮਲ ਹਨ ਜਿਥੇ ਲੋਕ 10 ਲੱਖ ਰੁਪਏ ਦੇ ਇਲਾਜ ਦੀ ਸਹੂਲਤ ਲੈ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਪ੍ਰਾਈਵੇਟ ਹਸਪਤਾਲਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਤਹਿਤ ਆਪਣੇ ਹਸਪਤਾਲਾਂ ਨੂੰ ਸੂਚੀਬੱਧ ਹਸਪਤਾਲਾਂ ਵਿਚ ਸ਼ੁਮਾਰ ਕਰਨ ਤਾਂ ਜੋ ਲੋਕਾਂ ਨੂੰ ਘਰਾਂ ਲਾਗੇ ਹੀ ਮਿਆਰੀ ਇਲਾਜ ਦੀ ਸਹੂਲਤ ਮਿਲ ਸਕੇ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਹਸਪਤਾਲ ਮਪ.ਪਮਜਓ.ਗੋਵਿ.ਨ 'ਤੇ ਇੰਪੈਂਨਲਮੈਂਟ ਲਈ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਸਕੀਮ ਤਹਿਤ ਹੁਣ ਤੱਕ 1.84 ਕਰੋੜ ਰੁਪਏ ਦਾ ਭੁਗਤਾਨ ਵੱਖ-ਵੱਖ ਹਸਪਤਾਲਾਂ ਨੂੰ ਕੀਤਾ ਜਾ ਚੁੱਕਾ ਹੈ।

# ਪਲਸ ਪੋਲੀਓ ਮੁਹਿੰਮ ਜਾਗਰੂਕਤਾ ਦਾ ਪੋਸਟਰ ਰਿਲੀਜ਼

## 28, 29 ਅਤੇ 30 ਜੂਨ ਨੂੰ ਜ਼ਿਲ੍ਹੇ ਭਰ ਵਿੱਚ ਚਲਾਈ ਜਾਵੇਗੀ ਰਾਸ਼ਟਰੀ ਪਲਸ ਪੋਲਿਓ ਮੁਹਿੰਮ - ਡਾ. ਮਨਦੀਪ ਕਮਲ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਵਿੱਚ 0 ਤੋਂ 5 ਸਾਲ ਤੱਕ ਦੇ ਹਰ ਬੱਚੇ ਨੂੰ ਪੋਲਿਓ ਤੋਂ ਸੁਰੱਖਿਅਤ ਬਣਾਉਣ ਦੇ ਉਦੇਸ਼ ਨਾਲ 28, 29 ਅਤੇ 30 ਜੂਨ 2026 ਨੂੰ ਰਾਸ਼ਟਰੀ ਪਲਸ ਪੋਲਿਓ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਬੰਧੀ ਅੱਜ ਸਿਵਲ ਸਰਜਨ ਦਫ਼ਤਰ ਵਿਖੇ ਮੁਹਿੰਮ ਦੇ ਪੋਸਟਰ ਨੂੰ ਸਿਵਲ ਸਰਜਨ ਡਾ. ਮਨਦੀਪ ਕਮਲ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀਆਂ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਮਨਦੀਪ ਕਮਲ ਨੇ ਕਿਹਾ ਕਿ ਪੋਲਿਓ ਇੱਕ ਗੰਭੀਰ ਅਤੇ ਅਪਾਹਜਤਾ ਪੈਦਾ ਕਰਨ ਵਾਲੀ ਬਿਮਾਰੀ ਹੈ, ਜਿਸ ਤੋਂ ਬਚਾਅ ਦਾ ਇਕੋ-ਇੱਕ ਪ੍ਰਭਾਵਸ਼ਾਲੀ ਤਰੀਕਾ ਹਰ ਬੱਚੇ ਨੂੰ ਸਮੇਂ-ਸਮੇਂ 'ਤੇ ਪੋਲਿਓ ਦੀਆਂ ਬੂੰਦਾਂ ਪਿਲਾਉਣਾ ਹੈ। ਉਨ੍ਹਾਂ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ 28 ਜੂਨ ਨੂੰ ਜ਼ਿਲ੍ਹੇ ਭਰ ਵਿੱਚ ਸਥਾਪਿਤ ਪੋਲਿਓ ਬੂਥਾਂ 'ਤੇ ਬੱਚਿਆਂ ਨੂੰ ਪੋਲਿਓ ਦੀਆਂ ਦੋ ਬੂੰਦਾਂ ਪਿਲਾਈਆਂ ਜਾਣਗੀਆਂ, ਜਦਕਿ 29 ਅਤੇ 30 ਜੂਨ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਰਹਿ ਗਏ ਬੱਚਿਆਂ ਨੂੰ ਪੋਲਿਓ ਦੀਆਂ ਬੂੰਦਾਂ ਪਿਲਾਉਣਗੀਆਂ। ਡਾ. ਮਨਦੀਪ ਕਮਲ ਨੇ ਕਿਹਾ ਕਿ ਭਾਵੇਂ ਬੱਚੇ ਨੂੰ ਪਹਿਲਾਂ ਵੀ ਕਈ ਵਾਰ ਪੋਲਿਓ ਦੀਆਂ ਬੂੰਦਾਂ ਪਿਲਾਈਆਂ ਜਾ ਚੁੱਕੀਆਂ ਹੋਣ, ਫਿਰ ਵੀ ਹਰ ਪਲਸ ਪੋਲਿਓ ਮੁਹਿੰਮ ਦੌਰਾਨ ਬੂੰਦਾਂ ਪਿਲਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਬੱਚਿਆਂ ਦੀ ਰੋਗ-ਪ੍ਰਤੀਰੋਧਕ ਸਮਰੱਥਾ ਨੂੰ ਹੋਰ ਮਜ਼ਬੂਤ ਬਣਾਉਂਦੀਆਂ ਹਨ ਅਤੇ ਪੋਲਿਓ ਵਾਇਰਸ ਤੋਂ ਪੂਰੀ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ 0 ਤੋਂ 5 ਸਾਲ ਤੱਕ ਦੇ ਹਰ ਬੱਚੇ ਨੂੰ 28, 29 ਅਤੇ 30 ਜੂਨ ਦੌਰਾਨ ਪੋਲਿਓ ਦੀਆਂ ਦੋ ਬੂੰਦਾਂ ਜ਼ਰੂਰ ਪਿਲਵਾਉਣ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਦਾ ਪੂਰਾ ਸਹਿਯੋਗ ਕਰਨ, ਤਾਂ ਜੋ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਪੰਜਾਬ ਨੂੰ ਪੋਲਿਓ ਮੁਕਤ ਬਣਾਈ ਰੱਖਣ ਦਾ ਟੀਚਾ ਸਫ਼ਲਤਾਪੂਰਵਕ ਹਾਸਲ ਕੀਤਾ ਜਾ ਸਕੇ।

# ਨੇਤਰਦਾਨ, ਅੰਗਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਸਰਕਾਰੀ ਕਾਲਜ 'ਤੇ ਨੇਤਰਦਾਨ ਐਸੋਸੀਏਸ਼ਨ ਵਿਚਕਾਰ ਐਮ.ਓ.ਯੂ. ਤੇ ਹਸਤਾਖਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਕਾਲਜ ਅਤੇ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵਿਚਕਾਰ ਕਾਲਜ ਦੇ ਕਮਿਊਨਿਟੀ ਐਂਗੇਜਮੈਂਟ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਇੱਕ ਮੈਮੋਰੈਂਡਮ ਆਫ ਅੰਡਰਸਟੈਂਡਿੰਗ ( ) 'ਤੇ ਹਸਤਾਖਰ ਕੀਤੇ ਗਏ। ਇਸ ਭਾਈਵਾਲੀ ਦਾ ਉਦੇਸ਼ ਵਿਦਿਆਰਥੀਆਂ ਨੂੰ ਨੇਤਰਦਾਨ ਜਾਗਰੂਕਤਾ, ਅੰਗਦਾਨ ਅਤੇ ਵੱਖ-ਵੱਖ ਸਮਾਜ ਸੇਵਾ ਗਤੀਵਿਧੀਆਂ ਨਾਲ ਜੋੜ ਕੇ ਨੌਜਵਾਨਾਂ ਇਨ੍ਹਾਂ ਸੇਵਾਵਾਂ ਦਾ ਸੰਦੇਸ਼ ਫੈਲਾਉਣਾ ਹੈ। ਐਮ.ਓ.ਯੂ. ਅਧੀਨ ਕਾਲਜ ਦੇ ਵਿਦਿਆਰਥੀ ਨੇਤਰਦਾਨ ਜਾਗਰੂਕਤਾ ਮੁਹਿੰਮਾਂ, ਕਮਿਊਨਿਟੀ ਸਰਵੇਖਣਾਂ, ਪਿੰਡ ਪੱਧਰੀ ਜਾਗਰੂਕਤਾ ਪ੍ਰੋਗਰਾਮਾਂ, ਸੋਸ਼ਲ ਮੀਡੀਆ ਮੁਹਿੰਮਾਂ, ਸੈਮੀਨਾਰਾਂ ਅਤੇ ਹੋਰ ਸਮਾਜ ਸੇਵਾ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਕਰਨਗੇ। ਇਸ ਸਹਿਯੋਗ ਦਾ ਮਕਸਦ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ



ਉਨ੍ਹਾਂ ਨੂੰ ਮਨੁੱਖਤਾ ਅਤੇ ਸਮਾਜ ਸੇਵਾ ਦੇ ਕਾਰਜਾਂ ਨਾਲ ਜੋੜਨਾ ਹੈ। ਐਮ.ਓ.ਯੂ. ਹਸਤਾਖਰ ਸਮਾਰੋਹ ਦੌਰਾਨ ਪ੍ਰੋਫੈਸਰ ਬਹਾਦੁਰ ਸਿੰਘ ਸੁਨੇਤ, ਚੇਅਰਪਰਸਨ, ਅਤੇ ਸੁਰੇਸ਼ ਚੰਦ ਕਪਤੀਆ, ਪ੍ਰਧਾਨ ਨੇਤਰਦਾਨ ਐਸੋਸੀਏਸ਼ਨ, ਦੇ ਨਾਲ ਸਵਿਤਾ ਗੁਪਤਾ ਪ੍ਰਿੰਸੀਪਲ ਸਰਕਾਰੀ ਕਾਲਜ ਅਤੇ ਮੈਡਮ ਰੰਜਨਾ ਪ੍ਰੋਗਰਾਮ ਕੋਆਰਡੀਨੇਟਰ ਵੀ ਮੌਜੂਦ ਸਨ। ਪ੍ਰੇਮ ਸੈਣੀ ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਨੇਤਰਦਾਨ ਬਾਰੇ ਲਗਾਤਾਰ ਜਨ-ਜਾਗਰੂਕਤਾ ਦੀ ਲੋੜ 'ਤੇ ਜ਼ੋਰ ਦਿੱਤਾ। ਗੁਰਪਾਲ ਸਿੰਘ ਪਬਲਿਕ ਰਿਲੇਸ਼ਨ ਸਕੱਤਰ ਨੇ ਕਿਹਾ ਕਿ ਇਹ ਭਾਈਵਾਲੀ ਨੌਜਵਾਨਾਂ ਨੂੰ ਸਮਾਜ ਸੇਵਾ ਨਾਲ ਜੋੜਨ ਅਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਰਾਹੀਂ ਨੇਤਰਦਾਨ ਜਾਗਰੂਕਤਾ ਨੂੰ ਨਵੀਆਂ ਉੱਚਾਈਆਂ ਤੱਕ ਲੈ ਜਾਣ ਲਈ ਇੱਕ ਮਜ਼ਬੂਤ ਮੰਚ ਸਾਬਤ ਹੋਵੇਗੀ। ਇਸ ਮੌਕੇ 'ਤੇ ਗੁਰਪ੍ਰੀਤ ਸਿੰਘ, ਓਂਕਾਰ ਸਿੰਘ ਧਾਮੀ, ਤਜਿੰਦਰ ਕੌਰ, ਸੰਤੋਸ਼ ਸੈਣੀ, ਲਖਵਿੰਦਰ ਕੌਰ ਡਿੰਪੀ ਅਤੇ ਕੁਮ ਕੁਮ ਸੂਦ ਵੀ ਹਾਜ਼ਰ ਸਨ। ਇਹ ਭਾਈਵਾਲੀ ਨੇਤਰਦਾਨ ਜਾਗਰੂਕਤਾ, ਕਮਿਊਨਿਟੀ ਭਾਗੀਦਾਰੀ ਅਤੇ ਨੌਜਵਾਨਾਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਅਹਿਮ ਕਦਮ ਸਾਬਤ ਹੋਵੇਗੀ।

# ਸਵ. ਰਣਧੀਰ ਸਿੰਘ ਭਾਰਜ ਨਿਮਿੱਤ ਅੰਤਿਮ ਅਰਦਾਸ ਕਈ ਪ੍ਰਮੁੱਖ ਸ਼ਖਸੀਅਤਾਂ ਵਲੋਂ ਸ਼ਰਧਾਂਜਲੀਆਂ ਭੇਟ

**ਹੁਸ਼ਿਆਰਪੁਰ, 26 ਜੂਨ (ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਮੁੱਖ ਨੌਜਵਾਨ ਆਗੂ ਰਣਧੀਰ ਸਿੰਘ ਭਾਰਜ, ਜੋ ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਸਨ, ਨਿਮਿੱਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅੱਜ ਗੁਰਦੁਆਰਾ ਕਲਗੀਧਰ ਸਾਹਿਬ , ਹੁਸ਼ਿਆਰਪੁਰ ਵਿਖੇ ਪਾਏ ਗਏ। ਇਸ ਮੌਕੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਆਯੋਜਿਤ ਸ਼ਰਧਾਂਜਲੀ ਸਮਾਗਮ ਦੌਰਾਨ ਰਾਗੀ ਜਥਿਆਂ ਵਲੋਂ ਬੈਰਾਗਮਈ ਕੀਰਤਨ ਕੀਤਾ ਗਿਆ। ਅਰਦਾਸ ਉਪਰੰਤ ਵੱਡੀ ਗਿਣਤੀ ਵਿੱਚ ਪਹੁੰਚੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਜਥੇਬੰਦੀਆਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਸਵ. ਰਣਧੀਰ ਸਿੰਘ ਭਾਰਜ ਨੂੰ ਨਿੱਘੀਆਂ ਸ਼ਰਧਾਂਜਲੀਆਂ ਅਰਪਿਤ ਕੀਤੀਆਂ।
ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ, ਹਲਕਾ



ਇੰਚਾਰਜ ਸੰਜੀਵ ਤਲਵਾੜ, ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਅਤੇ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਨੇ ਸਵ. ਭਾਰਜ ਨੂੰ ਯਾਦ ਕਰਦਿਆਂ ਕਿਹਾ ਕਿ ਪਾਰਟੀ ਅਤੇ ਸਮਾਜ ਲਈ ਦਿੱਤੀਆਂ ਉਨ੍ਹਾਂ ਦੀਆਂ ਸੇਵਾਵਾਂ ਅਤੇ ਸੰਘਰਸ਼ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।
ਸਮਾਗਮ ਦੌਰਾਨ, ਜੋਗਿੰਦਰ ਸਿੰਘ ਸੋਢੀ, ਜਸਵਿੰਦਰ ਸਿੰਘ ਕਾਲਰਾ, ਸੰਜੀਵ ਥਾਪਰ, ਬੀ.ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਬੰਟੀ, ਨਰਿੰਦਰ ਸਿੰਘ ਬਡਲਾ, ਗੁਰਪ੍ਰੀਤ ਬੈਂਸ, ਅਵਤਾਰ ਸਿੰਘ ਜੌਹਲ, ਕੁਲਵਿੰਦਰ ਸਿੰਘ ਜੰਡਾ, ਦਵਿੰਦਰ ਸਿੰਘ ਭਾਰਜ, ਰਜਿੰਦਰ ਸਿੰਘ ਨਿੱਕਾ, ਗੁਰਜੀਤ ਨੀਲਾ ਨਲੋਆ, ਸਰਪੰਚ ਪਰਮਿੰਦਰ ਸਿੰਘ ਸੱਜਣ, ਰਾਜਵੀਰ ਸਿੰਘ ਸ਼ੰਟੀ, ਕੌਮੀ ਜਨਰਲ ਸਕੱਤਰ ਮਨਬੀਰ ਸਿੰਘ, ਪਵਿੱਤਰ ਸਿੰਘ ਪ੍ਰਿੰਸ ਜਲੰਧਰ, ਗੁਰਿੰਦਰ ਗੋਲਡੀ, ਬਲਰਾਜ ਸਿੰਘ ਚੌਹਾਨ, ਨਰਿੰਦਰ ਸਿੰਘ ਪਰਮਾਰ (ਡੀ.ਐਸ.ਪੀ.), ਮਲਕੀਤ ਸਿੰਘ ਮਰਵਾਹਾ, ਡਾ. ਹਰਜਿੰਦਰ ਉਬਰਾਏ, ਬਰਿੰਦਰ ਸਿੰਘ ਪਰਮਾਰ, ਵਰਿੰਦਰ ਸਿੰਘ ਪਰਹਾਰ, ਮਨਪ੍ਰੀਤ ਸਿੰਘ ਰੰਧਾਵਾ, ਗੁਰਵਿੰਦਰ ਸਿੰਘ ਕਿਸ਼ਨਪੁਰ, ਜਤਿੰਦਰ ਸਿੰਘ ਰੀਹਲ, ਦਪਿੰਦਰ ਸਿੰਘ ਅਟਵਾਲ ਅਤੇ ਭੁਪਿੰਦਰ ਜੀਤ ਭਿੰਦਾ ਸਮੇਤ ਕਈ ਇਲਾਕਾ ਨਿਵਾਸੀਆਂ ਨੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ ਵਲੋਂ ਬਾਖੂਬੀ ਨਿਭਾਈ ਗਈ।
ਫੋਟੋ ਅਜਮੇਰ ਦੀਵਾਨਾ

# ਨਾਮਜ਼ਦਗੀਆਂ ਦੇ ਆਖਰੀ ਦਿਨ ਬਸਪਾ ਦੇ 11 ਉਮੀਦਵਾਰਾਂ ਨੇ ਭਰੇ ਕਾਗਜ – ਠੇਕੇਦਾਰ ਭਗਵਾਨ ਦਾਸ ਸਿੱਧੂ,ਐਡਵੋਕੇਟ ਮਾਨਾ





**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 5 ਜੁਲਾਈ ਨੂੰ ਨਗਰ ਨਿਗਮ ਹੁਸ਼ਿਆਰਪੁਰ ਦੀਆਂ ਚੋਣਾਂ ਲਈ ਬਹੁਜਨ ਸਮਾਜ ਪਾਰਟੀ ਵਲੋਂ ਸਰਗਰਮੀਆਂ ਤੇਜ ਕਰ ਦਿੱਤੀਆਂ ਗਈਆਂ। ਇਥੇ ਬਸਪਾ ਦੇ ਵੱਖ ਵੱਖ ਵਾਰਡਾਂ ਤੋਂ ਨਾਮਜ਼ਦਗੀਆਂ ਦੇ ਆਖਰੀ ਦਿਨ ਬਸਪਾ ਦੇ 11 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਕਾਗਜ ਦਾਖਲ ਕੀਤੇ। ਇਸ ਮੌਕੇ ਹਾਜਰ ਬਸਪਾ ਪੰਜਾਬ ਦੇ ਜਨਰਲ ਸਕੱਤਰ ਇੰਚਾਰਜ ਲੋਕ ਸਭਾ ਹੁਸ਼ਿਆਰਪੁਰ ਨੇ ਦੱਸਿਆ ਕਿ ਹਰਜੀਤ ਕੁਮਾਰ ਲਾਡੀ ਵਾਰਡ ਨੰਬਰ 8 ਤੋਂ, ਵਾਰਡ ਨੰਬਰ 50 ਤੋਂ ਸ੍ਰੀਮਤੀ ਨੀਤਾ ਰਾਣੀ ਵਾਰਡ ਨੰਬਰ 9 ਤੋਂ ਸ੍ਰੀਮਤੀ ਜਸਵਿੰਦਰ ਕੌਰ, ਵਾਰਡ ਨੰਬਰ 10 ਤੋਂ ਰਮਨ ਕੁਮਾਰ, ਵਾਰਡ ਨੰਬਰ 12 ਤੋਂ ਰਣਜੀਤ ਕੁਮਾਰ, ਵਾਰਡ ਨੰਬਰ 16 ਤੋਂ ਰਮੇਸ਼ ਕੁਮਾਰ ਪਟਵਾਰੀ, ਵਾਰਡ ਨੰਬਰ 18 ਤੋਂ ਸੋਹਣ ਲਾਲ, ਵਾਰਡ ਨੰਬਰ 22 ਤੋਂ ਜਸਪਾਲ ਕੁਮਾਰ, ਵਾਰਡ ਨੰਬਰ 23 ਤੋਂ ਰਣਜੀਤ ਕੌਰ, ਵਾਰਡ ਨੰਬਰ 29 ਤੋਂ ਸ੍ਰੀਮਤੀ ਪ੍ਰਿਆ ਅਤੇ ਵਾਰਡ ਨੰਬਰ 42 ਤੋਂ ਸ੍ਰੀਮਤੀ ਦਲਜੀਤ ਕੌਰ ਨੇ ਆਪਣੇ ਆਪਣੇ ਨੌਮੀਨੇਸ਼ਨ ਪੇਪਰ ਚੋਣ ਰਿਟਰਨਿੰਗ ਅਫਸਰ ਪਾਸ ਦਾਖਲ ਕਰਵਾਏ। ਠੇਕੇਦਾਰ ਭਗਵਾਨ ਦਾਸ ਸਿੱਧੂ ਤੇ ਐਡਵੋਕੇਟ ਪਲਵਿੰਦਰ ਮਾਨਾ ਨੇ ਬਸਪਾ ਉਮੀਦਵਾਰਾਂ ਨੂੰ ਘਰ ਘਰ ਜਾ ਕੇ ਵੋਟਰਾਂ ਨਾਲ ਰਾਬਤਾ ਕਾਇਮ ਕਰਨ ਦੇ ਦਿਸ਼ਾ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਬਸਪਾ ਦੇ ਸਾਰੇ ਉਮੀਦਵਾਰ ਮਿਹਨਤੀ ਹਨ, ਜਿਹੜੇ ਹਰ ਸਮੇਂ ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਾਸੀ ਬਸਪਾ ਦੇ ਮਿਹਨਤੀ, ਇਮਾਨਦਾਰ ਅਤੇ ਸ਼ਹਿਰ ਦੇ ਵਿਕਾਸ ਨੂੰ ਤਰਜੀਹ ਦੇਣ ਵਾਲੇ ਉਮੀਦਵਾਰਾਂ ਨੂੰ ਜਿਤਾਉਣਗੇ। ਇਸ ਮੌਕੇ ਸੋਮ ਨਾਥ ਬੈਂਸ, ਮਦਨ ਸਿੰਘ ਬੈਂਸ ਇੰਚਾਰਜ ਹੁਸ਼ਿਆਰਪੁਰ,ਡਾ. ਰਤਨ ਚੰਦ ਅਤੇ ਭਾਰੀ ਗਿਣਤੀ ਵਿੱਚ ਬਸਪਾ ਵਰਕਰ ਹਾਜਰ ਸਨ।

for more news visit:
www.samajweekly.com

# ਪੰਜਾਬ ਵਿੱਚ ਅਗਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਬਣੇਗੀ, ਮੁੱਖ ਮੰਤਰੀ ਭਗਵੰਤ ਮਾਨ ਹੀ ਹੋਣਗੇ: ਬ੍ਰਿਗੇਡੀਅਰ ਰਾਜ ਕੁਮਾਰ; ਪਿੰਡ ਬਾਗੋਵਾਲ ਵਿਖੇ ਹੋਈ ਵਿਸ਼ਾਲ ਨੁੱਕੜ ਮੀਟਿੰਗ, ਨੌਜਵਾਨਾਂ ਤੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ

**ਨਵਾਂਸ਼ਹਿਰ /ਕਾਠਗੜ੍ਹ, 26 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਪੰਜਾਬ ਵਿੱਚ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਾਵੇਂ ਅਜੇ ਰਸਮੀ ਬਿਗਲ ਨਹੀਂ ਵੱਜਿਆ, ਪਰ ਸਿਆਸੀ ਪਾਰਟੀਆਂ ਅਤੇ ਆਗੂਆਂ ਨੇ ਆਪੋ-ਆਪਣੇ ਪੱਤੇ ਖੋਲ੍ਹਣੇ ਅਤੇ ਸਰਗਰਮੀਆਂ ਤੇਜ਼ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਤਹਿਤ ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਟਿਕਟ ਦੀ ਦੌੜ ਵਿੱਚ ਸਭ ਤੋਂ ਅੱਗੇ ਚੱਲ ਰਹੇ ਸੀਨੀਅਰ ਆਗੂ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਹਲਕੇ ਦੇ ਪਿੰਡ ਬਾਗੋਵਾਲ ਵਿਖੇ ਇੱਕ ਵਿਸ਼ਾਲ ਨੁੱਕੜ ਮੀਟਿੰਗ ਕੀਤੀ ਗਈ, ਜਿੱਥੇ ਉਨ੍ਹਾਂ ਨੇ ਜਨਤਾ ਦੇ ਦਰਬਾਰ ਵਿੱਚ ਹਾਜ਼ਰੀ ਲਗਵਾ ਕੇ ਲੋਕਾਂ ਦੇ ਵਿਚਾਰ ਸੁਣੇ। ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਬ੍ਰਿਗੇਡੀਅਰ ਰਾਜ ਕੁਮਾਰ ਨੇ ਦਾਅਵੇ ਨਾਲ ਆਖਿਆ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਬੇਹੱਦ ਖ਼ੁਸ਼ ਹਨ, ਜਿਸ ਸਦਕਾ ਸੂਬੇ ਵਿੱਚ ਅਗਲੀ ਸਰਕਾਰ ਵੀ ਆਮ ਆਦਮੀ ਪਾਰਟੀ ਦੀ ਹੀ ਬਣੇਗੀ ਅਤੇ ਭਗਵੰਤ ਮਾਨ ਹੀ ਦੁਬਾਰਾ ਮੁੱਖ ਮੰਤਰੀ ਵਜੋਂ ਪੰਜਾਬ ਦੀ ਵਾਗਡੋਰ ਸੰਭਾਲਣਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਜੇਕਰ ਲੋਕਾਂ ਨੇ ਸੇਵਾ ਦਾ ਮੌਕਾ ਦਿੱਤਾ ਤਾਂ ਇਲਾਕੇ ਦੀਆਂ ਸਾਰੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ।ਮੀਟਿੰਗ ਦੌਰਾਨ ਪਿੰਡ ਬਾਗੋਵਾਲ ਦੇ ਨਿਵਾਸੀਆਂ ਅਤੇ





ਨੌਜਵਾਨਾਂ ਵੱਲੋਂ ਬ੍ਰਿਗੇਡੀਅਰ ਰਾਜ ਕੁਮਾਰ ਦਾ ਪਿੰਡ ਪਹੁੰਚਣ 'ਤੇ ਬੈਂਡ-ਵਾਜਿਆਂ ਅਤੇ ਫੁੱਲਾਂ ਦੇ ਹਾਰ ਪਾ ਕੇ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਹਰ ਪਾਸੇ ਬ੍ਰਿਗੇਡੀਅਰ ਰਾਜ ਕੁਮਾਰ ਦੇ ਹੱਕ ਵਿੱਚ ਪੂਰਾ ਬੋਲਬਾਲਾ ਦੇਖਣ ਨੂੰ ਮਿਲਿਆ। ਪਿੰਡ ਦੇ ਲੋਕਾਂ ਅਤੇ ਮੋਹਤਬਰਾਂ ਨੇ ਉਨ੍ਹਾਂ ਨੂੰ ਖੁੱਲ੍ਹ ਕੇ ਭਰੋਸਾ ਦਿੱਤਾ ਕਿ ਜੇਕਰ ਪਾਰਟੀ ਹਾਈਕਮਾਂਡ ਤੁਹਾਡੇ 'ਤੇ ਹੱਥ ਰੱਖਦੀ ਹੈ ਅਤੇ ਟਿਕਟ ਦਿੰਦੀ ਹੈ, ਤਾਂ ਸਮੁੱਚਾ ਪਿੰਡ ਹਰ ਕੀਮਤ 'ਤੇ ਡਟ ਕੇ ਤੁਹਾਡਾ ਸਾਥ ਦੇਵੇਗਾ। ਸਮਾਗਮ ਦੌਰਾਨ ਪਿੰਡ ਦੇ ਬੁੱਧੀਜੀਵੀਆਂ ਨੇ ਵੀ ਆਪਣੇ ਵਿਚਾਰ ਰੱਖਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਵਿਕਾਸ ਕਾਰਜਾਂ ਦੀ ਜੰਮ ਕੇ ਸ਼ਲਾਘਾ ਕੀਤੀ।ਵਰਕਰਾਂ ਨੇ ਦੱਸਿਆ ਕਿ ਬ੍ਰਿਗੇਡੀਅਰ ਰਾਜ ਕੁਮਾਰ ਨੇ ਆਉਣ ਵਾਲੀਆਂ 2027 ਦੀਆਂ ਚੋਣਾਂ ਨੂੰ ਲੈ ਕੇ ਆਪਣੀ ਮੁਹਿੰਮ ਬੇਹੱਦ ਤੇਜ਼ ਕਰ ਦਿੱਤੀ ਹੈ ਅਤੇ ਉਹ ਹਰ ਪਿੰਡ-ਪਿੰਡ, ਘਰ-ਘਰ ਜਾ ਕੇ ਨੁੱਕੜ ਮੀਟਿੰਗਾਂ ਰਾਹੀਂ ਵੱਡੇ ਪੱਧਰ 'ਤੇ ਲੋਕਾਂ ਨਾਲ ਸਿੱਧਾ ਮਿਲਵਰਤਨ ਵਧਾ ਰਹੇ ਹਨ ਅਤੇ ਲੋਕਾਂ ਨੂੰ ਸਿਆਸੀ ਤੌਰ 'ਤੇ ਜਾਗਰੂਕ ਕਰ ਰਹੇ ਹਨ। ਇਸ ਪ੍ਰਭਾਵਸ਼ਾਲੀ ਅਤੇ ਵਿਸ਼ਾਲ ਮੀਟਿੰਗ ਮੌਕੇ ਨਰੇਸ਼ ਕੁਮਾਰ, ਅਵਿਨਾਸ਼ ਰਾਏ, ਸੁਖਦੇਵ ਖੇਪੜ (ਸਾਬਕਾ ਸਰਪੰਚ), ਬਲਰਾਮ ਬਜਾੜ, ਧਨੀ ਰਾਮ, ਮਾਸਟਰ ਮਹਿੰਦਰ ਪਾਲ, ਰਾਮ ਸ਼ਾਹ, ਪ੍ਰਧਾਨ ਕਾਲਾ ਚੌਧਰੀ, ਰਾਜ ਬਰਾੜ, ਕਾਬੁਲ ਚੇਚੀ ਸਮੇਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ, ਵਰਕਰ ਅਤੇ ਪਿੰਡ ਨਿਵਾਸੀ ਹਾਜ਼ਰ ਸਨ, ਜਿਨ੍ਹਾਂ ਵੱਲੋਂ ਅਖੀਰ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਇਪਟਾ ਕਪੂਰਥਲਾ ਵੱਲੋਂ 10 ਰੋਜ਼ਾ ਥੀਏਟਰ ਅਤੇ ਸੰਗੀਤ ਵਰਕਸ਼ਾਪ ਦੀ ਸਮਾਪਤੀ ਮੌਕੇ ਸਮਾਰੋਹ ਦਾ ਆਯੋਜਨ

**ਕਪੂਰਥਲਾ, 26 ਜੂਨ (ਕੌੜਾ )-** ਇਪਟਾ ਕਪੂਰਥਲਾ ਵੱਲੋਂ ਰੂਪੋਵਾਲੀ ਕਲਾ ਕੇਂਦਰ ਨਾਨਕਸਰ ਨਗਰ ਨੇੜੇ ਆਰ. ਸੀ. ਐਫ. ਕਪੂਰਥਲਾ ਵਿਖੇ ਲਗਾਈ ਗਈ 10 ਰੋਜ਼ਾ ਵਰਕਸ਼ਾਪ ਦੀ ਸਮਾਪਤੀ ਮੌਕੇ ਸਿਖਿਆਰਥੀਆਂ ਵੱਲੋਂ ਪ੍ਰਭਾਵਸ਼ਾਲੀ ਪ੍ਰੋਗਰਾਮ ਪੇਸ਼ ਕੀਤਾ ਗਿਆ । ਇਪਟਾ ਕਪੂਰਥਲਾ ਦੀ ਜਨਰਲ ਸਕੱਤਰ ਸਵਰਾਜ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਇਪਟਾ ਕਪੂਰਥਲਾ ਦੇ ਪ੍ਰਧਾਨ ਡਾਕਟਰ ਹਰਭਜਨ ਸਿੰਘ ਨੇ ਕੀਤੀ ਅਤੇ ਮੁੱਖ ਮਹਿਮਾਨ ਉੱਘੇ ਨਾਟਕਕਾਰ ਅਤੇ ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਸ਼ਾਮਿਲ ਹੋਏ।

ਸਮਾਜ ਵੀਕਲੀ ਨਿਊਜ਼

ਹੋਰਨਾਂ ਤੋਂ ਇਲਾਵਾ ਇਪਟਾ ਕਾਰਕੁਨ ਲੋਕ ਗਾਇਕ ਬਿਸ਼ਾਰਤ ਮਸੀਹ ਨੇ ਆਪਣੀ ਸੁਰੀਲੀ ਆਵਾਜ਼ ਰਾਹੀਂ ਉੱਘੇ ਲੇਖਕ ਸੁਰਿੰਦਰ ਸੁੰਨੜ ਜੀ ਦੇ ਲਿਖੇ ਗੀਤਾਂ ਦੀ ਪੇਸ਼ਕਾਰੀ ਕੀਤੀ। ਇਸ ਵਰਕਸ਼ਾਪ ਵਿੱਚ ਵਿਸ਼ੇਸ਼ ਤੌਰ ਤੇ ਡਾਕਟਰ ਦਵਿੰਦਰ ਕੁਮਾਰ ਦਾ ਲਿਖਿਆ ਤੇ



ਇੰਦਰਜੀਤ ਰੂਪੋਵਾਲੀ ਵਲੋਂ ਨਿਰਦੇਸ਼ਿਤ ਕੀਤਾ ਗਿਆ ਨਾਟਕ "ਨ੍ਰਿਤ ਤੋਂ ਤਾਂਡਵ ਤੱਕ" ਪ੍ਰੋਗਰਾਮ ਦਾ ਸਿਖ਼ਰ ਹੋ ਨਿੱਬੜਿਆ। ਇਸ ਨਾਟਕ ਵਿੱਚ ਉੱਘੇ ਕਲਾਕਾਰ ਸਰਬਜੀਤ ਰੂਪੋਵਾਲੀ, ਕਸ਼ਮੀਰ ਬਜਰੌਰ,ਸਵਰਾਜ ਕੌਰ, ਪੁਨੀਤ ਵਾਟਸ ,ਦੀਪਕ ਨਾਹਰ , ਰਜਨੀਸ਼ ਰੂਪੋਵਾਲੀ , ਕਮਲਜੀਤ ਕੌਰ , ਯਸ਼ ਮਲਹਾਰ ਅਤੇ ਕੋਮਲ ਹੁੰਦਲ ਨੇ ਨਾਟਕ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਬਿਸ਼ਾਰਤ ਮਸੀਹ ਦੇ ਸੰਗੀਤ ਅਤੇ ਸੁਰੀਲੀ ਆਵਾਜ਼ ਨੇ ਨਾਟਕ ਦੀ ਸਫ਼ਲ ਪੇਸ਼ਕਾਰੀ ਵਿੱਚ ਅਹਿਮ ਭੂਮਿਕਾ ਨਿਭਾਈ।

# ਵਰਤੋਂ ਤੋਂ ਬਾਹਰ ਤਾਰਾਂ ਬਣੀਆਂ ਹਾਦਸਿਆਂ ਦਾ ਸੱਦਾ, ਕਲੱਬ ਨੇ ਚੁੱਕਿਆ ਮੁੱਦਾ

**ਪਟਿਆਲਾ (ਸਮਾਜ ਵੀਕਲੀ)** ਮਹਾਰਾਜਾ ਯਾਦਵਿੰਦਰਾ ਇਨਕਲੇਵ ਵਿੱਚ ਵੱਖ-ਵੱਖ ਟੈਲੀਕੌਮ ਅਤੇ ਕੇਬਲ ਕੰਪਨੀਆਂ ਵੱਲੋਂ ਇੰਟਰਨੈੱਟ, ਮਨੋਰੰਜਨ ਅਤੇ ਸੰਚਾਰ ਸੇਵਾਵਾਂ ਲਈ ਵਿਛਾਈਆਂ ਗਈਆਂ ਤਾਰਾਂ ਦੇ ਬੇਤਰਤੀਬ ਜਾਲ ਕਾਲੋਨੀ ਦੀ ਸੁੰਦਰਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਵਰਤੋਂ ਤੋਂ ਬਾਹਰ ਹੋ ਚੁੱਕੀਆਂ ਇਹ ਲਟਕਦੀਆਂ ਤਾਰਾਂ ਨਾ ਸਿਰਫ਼ ਇਲਾਕੇ ਦੀ ਦਿੱਖ ਨੂੰ ਖਰਾਬ ਕਰ ਰਹੀਆਂ ਹਨ, ਸਗੋਂ ਕਿਸੇ ਵੀ ਸਮੇਂ ਗੰਭੀਰ ਹਾਦਸੇ ਦਾ ਕਾਰਨ ਵੀ ਬਣ ਸਕਦੀਆਂ ਹਨ। ਇਸ ਗੰਭੀਰ ਮਸਲੇ ਦੇ ਸਥਾਈ ਹੱਲ ਲਈ ਸੇਵੀਅਰਜ਼ ਕਲੱਬ (ਰਜਿ.) ਦੀ ਟੀਮ ਨੇ ਏਅਰਟੈਲ, ਬੀਐਸਐਨਐਲ, ਜੀਓ,ਫਾਸਟ ਵੇ , ਕਨੈਕਟ ਅਤੇ ਨੈਟਪਲੱਸ ਸਮੇਤ ਹੋਰ ਸੰਬੰਧਿਤ ਕੰਪਨੀਆਂ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਕਲੱਬ ਦੇ ਪ੍ਰਧਾਨ ਪਵਨ ਗਰਗ ਅਤੇ ਜਨਰਲ ਸਕੱਤਰ ਚਮਨ ਸ਼ਰਮਾ ਨੇ ਦੱਸਿਆ ਕਿ ਕਾਲੋਨੀ ਦੇ ਅਨੇਕਾਂ ਵਸਨੀਕ ਕਾਫ਼ੀ ਸਮਾਂ ਪਹਿਲਾਂ ਆਪਣੇ ਪੁਰਾਣੇ ਇੰਟਰਨੈੱਟ ਅਤੇ ਕੇਬਲ ਕਨੈਕਸ਼ਨ ਬੰਦ ਕਰਵਾ ਚੁੱਕੇ ਹਨ, ਪਰ ਕੰਪਨੀਆਂ ਨੇ ਅੱਜ ਤੱਕ ਉਹ ਤਾਰਾਂ ਨਹੀਂ ਹਟਾਈਆਂ। ਨਤੀਜੇ ਵਜੋਂ ਬਿਜਲੀ ਦੇ ਖੰਭਿਆਂ 'ਤੇ ਤਾਰਾਂ ਦੇ ਵੱਡੇ-ਵੱਡੇ ਗੁੱਛੇ ਬਣ ਗਏ ਹਨ, ਜੋ ਬਿਜਲੀ ਸਪਲਾਈ ਦੇ ਰੱਖ-ਰਖਾਅ ਵਿੱਚ ਵੀ ਰੁਕਾਵਟ



ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬਰਸਾਤ ਜਾਂ ਤੇਜ਼ ਹਵਾਵਾਂ ਦੌਰਾਨ ਇਹ ਬੇਲੋੜੀਆਂ ਤਾਰਾਂ ਸ਼ਾਰਟ ਸਰਕਟ ਜਾਂ ਹੋਰ ਅਣਚਾਹੀਆਂ ਘਟਨਾਵਾਂ ਦਾ ਕਾਰਨ ਬਣ ਸਕਦੀਆਂ ਹਨ। ਇਸ ਤੋਂ ਇਲਾਵਾ ਹੇਠਾਂ ਲਟਕਦੀਆਂ ਤਾਰਾਂ ਕਾਰਨ ਬੱਚਿਆਂ, ਬਜ਼ੁਰਗਾਂ, ਰਾਹਗੀਰਾਂ ਅਤੇ ਬੇਜ਼ੁਬਾਨ ਜੀਵਾਂ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪੈ ਜਾਂਦੀ ਹੈ। ਕਲੱਬ ਨੇ ਕਿਹਾ ਕਿ ਸਮਾਰਟ ਅਤੇ ਸੁੰਦਰ ਕਾਲੋਨੀ ਦੀ ਪਛਾਣ ਬਣਾਈ ਰੱਖਣ ਲਈ ਬੇਕਾਰ ਹੋ ਚੁੱਕੀਆਂ ਤਾਰਾਂ ਨੂੰ ਤੁਰੰਤ ਹਟਾਉਣਾ ਸਮੇਂ ਦੀ ਲੋੜ ਹੈ। ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਵੱਖ-ਵੱਖ ਕੰਪਨੀਆਂ ਦੇ ਉੱਚ ਅਧਿਕਾਰੀਆਂ ਨਾਲ ਹੋਈ ਮੁਲਾਕਾਤ ਦੌਰਾਨ ਉਨ੍ਹਾਂ ਨੇ ਮਸਲੇ ਨੂੰ ਗੰਭੀਰਤਾ ਨਾਲ ਸੁਣਦਿਆਂ ਜਲਦੀ ਸਰਵੇ ਕਰਵਾ ਕੇ ਬੇਲੋੜੀਆਂ ਤਾਰਾਂ ਹਟਾਉਣ ਦਾ ਭਰੋਸਾ ਦਿੱਤਾ ਹੈ। ਕਲੱਬ ਨੇ ਉਮੀਦ ਜਤਾਈ ਕਿ ਕੰਪਨੀਆਂ ਆਪਣੇ ਭਰੋਸੇ 'ਤੇ ਜਲਦ ਅਮਲ ਕਰਦਿਆਂ ਕਾਲੋਨੀ ਵਾਸੀਆਂ ਨੂੰ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਤੋਂ ਰਾਹਤ ਦਿਵਾਉਣਗੀਆਂ।

## ਤੇਰਾ ਮੇਰਾ ਮੇਲ



ਸਾਡੇ ਲਈ ਤੇਰਾ ਮਿਲਣਾ ਸੱਜਣਾ ,
ਹੈ ਵੱਡਾ ਵਰਦਾਨ ।
ਤੇਰੇ ਸੁਭਾਅ ਤੇ ਬੋਲ ਬਾਣੀ 'ਤੋਂ ,
ਮੈਂ ਜਾਵਾਂ ਕੁਰਬਾਨ ।
ਬੰਦਾ ਬਣ ਜਾ ਬੰਦਿਆ ਤੂੰ,
ਬੰਦਾ ਬੰਦੇ ਨੂੰ ਆਖ ਰਿਹੈ
ਅਸੀਂ ਤਾਂ ਆਦਮ ਰੂਪ 'ਚ ਤੱਕਿਆ,
ਸ਼ਾਖ਼ਸ਼ਾਤ ਇਨਸਾਨ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
99148366037

## ਜ਼ਿੰਦਗੀ

ਜ਼ਿੰਦਗੀ ਨੂੰ ਜ਼ਿੰਦਗੀ ਭਰ
ਮੈਂ ਸਮਝ ਨਾ ਪਾਇਆ
ਜਿਸ ਨੂੰ ਸਮਝਿਆ ਮੈਂ ਆਪਣਾ
ਉਹ ਤਾਂ ਨਿਕਲਿਆ ਪਰਾਇਆ।
ਜਿਸ ਲਈ ਮੈਂ ਉਮਰ ਗੁਜਾਰੀ
ਉਹ ਤਾਂ ਮੇਰੇ ਕੰਮ ਨਾ ਆਇਆ
ਕਰਣ ਮਿਲ ਗਿਆ ਕੌਰਵਾਂ ਨਾਲ
ਜੋ ਸੀ ਪਾਂਡਵਾਂ ਦੀ ਮਾਂ ਦਾ ਜਾਇਆ।
ਭਜ ਨੱਠ ਵਿਚ ਬੀਤੀ ਜ਼ਿੰਦਗੀ
ਬੈਠ ਕੇ ਕਦੇ ਸੁਖ ਚੈਨ ਨਾ ਪਾਇਆ।
ਮਰਨ ਤੋਂ ਬਾਦ ਸਭ ਇਥੇ ਰਹਿ ਗਿਆ
ਮਿਹਨਤ ਨਾਲ ਜੋ ਧੰਨ ਸੀ ਕਮਾਇਆ।
ਉਮਰ ਭਰ ਬਣਿਆ ਰਿਹਾ ਦਾਸ ਇਨ੍ਹਾਂ ਦਾ
ਕਾਮ,ਕ੍ਰੋਧ ਨੇ ਮੈਨੂੰ ਸੀ ਹਰਾਇਆ।
ਉਸਨੇ ਹੀ ਦਿੱਤਾ ਮੈਨੂੰ ਧੋਖਾ
ਜਿਸਨੂੰ ਸੀ ਮੈਂ ਲੂਣ ਖੁਆਇਆ।
ਪਾਪ ਸਾਰੇ ਮੇਰੇ ਸਾਹਮਣੇ ਆਏ
ਮੈਂ ਜੋ ਕੀਤਾ ਸੀ ਸੋ ਪਾਇਆ।
ਜਿਨ੍ਹਾਂ ਨੂੰ ਸਮਝਿਆ ਮੈਂ ਮਦਦਗਾਰ
ਸੁਫਨਿਆਂ ਦਾ ਮਹਿਲ ਉਨ੍ਹਾਂ ਹੀ ਗਿਰਾਇਆ।
ਸੁਆਰਥੀ ਲੋਕ ਲੁਕ ਗਏ ਇਧਰ ਉਧਰ
ਢਲ ਗਈ ਜਦੋਂ ਸੁਖ ਦੀ ਛਾਇਆ।
ਜਵਾਨੀ ਵਿਚ ਬਹੁਤ ਮੌਜ ਕੀਤਾ ਅਸੀਂ
ਬੁਢਾਪੇ ਵਿਚ ਲਾਚਾਰ ਹੋਈ ਕਾਇਆ।
ਝੂਠ ਦੀ ਲੜਾਈ ਲੜਨ ਵਾਲੇ ਹਰ
ਪਾਪੀ ਨੂੰ ਹੈ ਵਕਤ ਨੇ ਹਰਾਇਆ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ ਹਰਿਆਣਾ**

## ਵਿਰਸਾ

ਤੁਸੀਂ ਲੱਜਾਂ ਨਾਲ ਕੱਢਿਆ, ਅਸੀਂ ਨਲਕੇ ਨੂੰ ਗੇੜਿਆ।
ਤੁਸੀਂ ਖੂਹਾਂ ਉੱਤੋਂ ਢੋਇਆ, ਅਸੀਂ ਯੱਭ ਹੀ ਨਿਬੇੜਿਆ।
ਓਸ ਤੋਂ ਵੀ ਸੌਖੇ ਹੋਏ, ਪਾਣੀ ਪੁੱਜ ਗਿਆ ਮੰਜੇ ਨੇੜੇ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।
ਸੱਚੀਂ ਸੌਖੇ ਹੋ ਗਏ, ਗੁਸਲਖ਼ਾਨਾ ਪੁੱਜਾ ਮੰਜੇ ਨੇੜੇ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।

ਤੁਸੀਂ ਟੋਬਿਆਂ 'ਚ ਨਹਾਤੇ, ਅਸੀਂ ਹੌਦਾਂ 'ਚ ਨਹਾਉਂਦੇ ਹਾਂ।
ਤੁਸੀਂ ਸੂਤ ਕੱਤ ਪਾਇਆ, ਅਸੀਂ ਪੱਟ ਰੇਸ਼ਮ ਹੰਢਾਉਂਦੇ ਹਾਂ।
ਬਾਬਾ ਚਾਦਰਾ ਸੀ ਲਾਉਂਦਾ, ਕਮੀਜ਼ ਪੈਂਟ ਪੋਤੇ ਤੇੜੇ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।
ਬੇਬੇ ਘੱਗਰਾ ਸੀ ਪਾਉਂਦੀ, ਸੂਟ ਸਲਵਾਰ ਬਹੂ ਤੇੜੇ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।

ਤੁਸੀਂ ਬੀਜ ਕੇ ਕਪਾਹ, ਚੁਗ-ਚੁਗ ਰੂੰ ਨੂੰ ਪਿੰਜਾਉਂਦੇ ਸੀ।
ਕੁਝ ਕੱਤ ਤੇ ਨਗੰਦ ਲੈਂਦੇ, ਬਾਕੀ ਦਰੀਆਂ ਬਣਾਉਂਦੇ ਸੀ।
ਅੱਜ ਨਵੀਆਂ ਹੀ ਫਸਲਾਂ ਦੇ, ਪਿੱਛੇ ਲੱਗੀ ਸਾਰੀ ਹੇੜ ਏ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।
ਪੱਛਮੀ ਲਿਬਾਸਾਂ ਤੇ ਪੁਸ਼ਾਕਾਂ, ਪਿੱਛੇ ਲੱਗੀ ਸਾਰੀ ਹੇੜ ਏ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।

ਤੁਸੀਂ ਚਰਸਾਂ ਨੂੰ ਫੜਿਆ ਤੇ ਸਾਡਾ ਸੁੱਚ ਦੱਬ ਸਰਦਾ ਏ।
ਗੱਲ ਫਲਿਆਂ ਦੀ ਦੂਰ, ਕੋਈ ਵਾਢੀ ਵੀ ਨਾ ਕਰਦਾ ਏ।
ਖੜ੍ਹ ਤੇ ਸਨੁੱਕੜੇ ਨੂੰ ਲੋਕ ਭੁੱਲੇ, ਪੁੱਜੀ ਘਰ ਘਰ ਵੇੜ ਏ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।
ਡਿੱਬ ਵੱਢਣੇ ਨੂੰ ਲੋਕ ਗਏ ਭੁੱਲ, ਪੁੱਜੀ ਘਰ ਘਰ ਵੇੜ ਏ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।

ਤੁਸੀਂ ਚੁੱਲ੍ਹਿਆਂ 'ਤੇ ਕੱਟ ਲਈ, ਅੱਜ ਹਰ ਘਰ ਗੈਸ ਏ।
ਤੁਸੀਂ ਸ਼ਤੀਰੀਆਂ 'ਚ ਸੁੱਤੇ, ਸਾਡੀ ਲੈਂਟਰਾਂ 'ਚ ਐਸ਼ ਏ।
ਤੁਹਾਡੇ ਲਾਏ ਅੰਬਾਂ ਨੂੰ ਪੁਟਾ, ਲਾਏ ਪਾਪਲਰ ਦੇ ਪੇੜ ਏ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।
ਜਿੱਥੇ ਕਦੀ ਕਿੱਕਰਾਂ ਸੀ ਹੁੰਦੀਆਂ, ਸਫ਼ੈਦਿਆਂ ਦੇ ਪੇੜ ਏ।
ਜਿਹਨੂੰ ਆਖਦੇ ਹੋ ਵਿਰਸਾ, ਇਹ ਸਮਿਆਂ ਦਾ ਗੇੜ ਏ।



**ਗੁਰਜਿੰਦਰ ਸਿੰਘ ਸਾਹਦੜਾ**
9815302341

### ਹਾਸ ਵਿਅੰਗ/ਇੱਕ ਜੁਲਾਈ ਤੇ ਟੂ ਟੂ

**ਕੁੜੀ**
ਮੈਂ ਫਾਰਮ ਭਰੇ ਸੀ ਜਿਹੜੇ,
ਹੋ ਗਏ ਸਲੈਕਟ ਉਹ ਮੇਰੇ।
ਇੱਕ ਜੁਲਾਈ ਤੋਂ ਖਾਤਿਆਂ ਦੇ ਵਿੱਚ
ਪੈਸੇ ਆਉਣੇ ਆ...
ਜਦੋਂ ਹੋਈ ਫੋਨ 'ਤੇ ਟੂ ਟੂ, ਫਿਰ ਮੈਂ
ਸੂਟ ਮੰਗਾਉਣੇ ਆ।
**ਮੁੰਡਾ**
ਗੱਲ ਸੁਣ ਲੈ ਮੁਟਿਆਰੇ ਨੀ,
ਇਹ ਝੂਠੇ ਲਾਉਂਦੇ ਲਾਰੇ।
ਪੈਸੇ-ਪੂਸੇ ਨਹੀਂ ਆਉਣੇ, ਵੋਟਾਂ ਲਈ
ਹਾਮੀ ਭਰਦੇ ਆ।
ਪੈਸੇ ਖਾਤਿਆਂ ਵਿੱਚ ਨਹੀਂ ਪਾਉਂਦੇ,
ਖਾਤੇ ਖਾਲੀ ਕਰਦੇ ਆ।
**ਕੁੜੀ**
ਆਨਲਾਈਨ ਲੁਧਿਆਣੇ ਤੋਂ ਮੈਂ
ਸੋਹਣਾ ਸੂਟ ਮੰਗਵਾਉਣਾ।
ਨਿੱਕੀਆਂ ਬੂਟੀਆਂ ਵਾਲਾ, ਪੂਰੀਆਂ
ਰੀਝਾਂ ਨਾਲ ਸਿਲਵਾਉਣਾ।
ਹੁਣ ਤੈਨੂੰ ਤੰਗ ਨਹੀਂ ਕਰਨਾ, ਨਾ
ਕੋਈ ਗੱਲ ਲੁਕੋਣੀ ਆ।
ਇੱਕ ਜੁਲਾਈ ਨੂੰ ਫੋਨਾਂ ਉੱਤੇ ਟੂ ਟੂ
ਹੋਣੀ ਆ...
**ਮੁੰਡਾ**
ਕੀ ਸਮਝਾਵਾਂ ਤੈਨੂੰ, ਮੇਰੀ ਗੱਲ
ਸਮਝੀ ਨਾ ਸਾਰੀ।
ਇਹ ਸੂਟ ਵਾਲੀ ਨਹੀਂ "ਟੂ ਟੂ", ਲੋਕਾਂ
ਦੀ ਹੋਊ ਲਾਚਾਰੀ।
ਛੰ ਸਾਬ ਤਾਂ ਝੂਠੇ ਵਾਅਦੇ
ਕਰਦਾ ਰਹਿੰਦਾ ਨੀ।
ਲਾਈ ਰੱਖਦਾ ਨਵੀਂ ਸਕੀਮ ਹਮੇਸ਼ਾ
ਉੱਠਦਾ-ਬਹਿੰਦਾ ਨੀ।
**ਕੁੜੀ**
ਗੁਰਮੀਤ ਡੁਮਾਣੇ ਵਾਲਿਆ ਤੂੰ ਵੀ
ਘੜਦਾ ਰਹਿੰਨਾ ਨੀਤੀ।
ਜਿੰਨੀ ਸਮਝੇਂ ਉਨੀਂ ਨਹੀਂ ਸਰਕਾਰ
ਢੋਂਹਦੀ ਬਦਨੀਤੀ।
ਜਿਹੜੇ ਕੰਮ ਉਹਨੇ ਕੀਤੇ, ਉਂਗਲਾਂ
'ਤੇ ਗਿਣਾਉਣੇ ਆ।
ਵੇ ਇੱਕ ਜੁਲਾਈ ਨੂੰ ਖਾਤਿਆਂ ਦੇ
ਵਿੱਚ ਪੈਸੇ ਆਉਣੇ ਆ।



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**



# ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਦੇ ਸੰਨ 1995 ਤੋਂ ਹੁਣ ਤੱਕ ਵਾਤਾਵਰਨ ਸੰਭਾਲ਼ ਦੇ ਲਈ ਕੀਤੇ ਜਾ ਰਹੇ ਨਿਸ਼ਕਾਮ ਸੇਵਾ ਦੇ ਕੰਮ .....

1. ਪ੍ਰਾਈਵੇਟ ਨਰਸਰੀਆਂ ਤੋਂ ਆਪਣੇ ਪੱਧਰ 'ਤੇ ਵਧੀਆ ਕਿਸਮ ਦੇ ਪੌਦੇ ਖਰੀਦ ਕੇ ਲੋੜਵੰਦਾਂ , ਜਾਣਕਾਰਾਂ , ਜੰਗਲਾਂ , ਪਹਾੜਾਂ , ਗੈਰ - ਆਬਾਦ ਥਾਵਾਂ , ਟੋਭਿਆਂ - ਛੱਪੜਾਂ ਕਿਨਾਰੇ , ਸਕੂਲ ਦੇ ਵਿਦਿਆਰਥੀਆਂ ਦੇ ਘਰਾਂ - ਖੇਤਾਂ ਤੇ ਵਾੜਿਆਂ ਵਿੱਚ ਨਿਰੰਤਰ ਲਗਾਉਣ ਦੀ ਨਿਸ਼ਕਾਮ ਸੇਵਾ।
2. ਲਗਾਏ ਪੌਦਿਆਂ ਦੀ ਨਿਸ਼ਕਾਮ ਸੇਵਾ ਸੰਭਾਲ ਕਰਨੀ।
3. ਲੋਕਾਂ ਤੇ ਵਿਦਿਆਰਥੀਆਂ ਨੂੰ ਪੌਦੇ ਲਗਾਉਣ ਲਈ ਪ੍ਰੇਰਿਤ ਕਰਨਾ।
4. ਸੁੱਕਦੇ ਜਾ ਰਹੇ ਪੌਦਿਆਂ ਦੀ ਨਿਸ਼ਕਾਮ ਸੇਵਾ ਕਰਨੀ।
5. ਅੱਗ ਨਾਲ਼ ਜਲ਼ / ਸੜ ਗਏ ਪੌਦਿਆਂ ਦੀ ਨਿਸ਼ਕਾਮ ਸੇਵਾ ਕਰਨੀ।
6. ਜੰਗਲੀ ਜੀਵ - ਜੰਤੂਆਂ ਦੇ ਲਈ ਨਿਰੰਤਰ ਭੋਜਨ , ਪਾਣੀ , ਫ਼ਲਾਂ , ਘਾਹ ਆਦਿ ਦੀ ਨਿਸ਼ਕਾਮ ਸੇਵਾ ਤੇ ਜੰਗਲਾਂ ਵਿੱਚ ਫਲ਼ਦਾਰ ਪੌਦੇ ਲਗਾਉਣ ਦੀ ਨਿਸ਼ਕਾਮ ਸੇਵਾ । ਨੀਲ ਗਊ , ਗਊ , ਕੁੱਤੇ ਆਦਿ ਦੀ ਨਿਸ਼ਕਾਮ ਸੇਵਾ।
7. ਜੰਗਲਾਂ ਵਿੱਚ ਪੰਛੀ - ਪਰਿੰਦਿਆਂ ਦੇ ਲਈ ਸਾਲ ਭਰ ਭੋਜਨ , ਚੋਗਾ , ਸਕੋਰੇ , ਪਾਣੀ , ਚਾਵਲ , ਬਾਜਰਾ , ਕੰਗਣੀ , ਦਾਲ਼ਾਂ ਦੀ ਨਿਰੰਤਰ ਨਿਸ਼ਕਾਮ ਸੇਵਾ ਕਰਨੀ।
8. ਮੋਰਾਂ ਦੇ ਲਈ ਸਪੈਸ਼ਲ ਤੌਰ 'ਤੇ ਭਿੱਜੀ ਹੋਈ ਸਾਬੁਤ ਹਰੀ ਮੂੰਗੀ ਦਾਲ਼ ਦੀ ਨਿਸ਼ਕਾਮ ਸੇਵਾ ਕਰਨੀ।
9. ਘਰਾਂ ਦੇ ਨਜ਼ਦੀਕ ਤੇ ਜੰਗਲਾਂ ਵਿੱਚ ਪੰਛੀਆਂ ਲਈ ਆਲ੍ਹਣੇ ਲਗਾਉਣ ਦੀ ਨਿਸ਼ਕਾਮ ਸੇਵਾ।
10. ਗਿਲਹਰੀਆਂ ਲਈ ਫ਼ਲ , ਮੂੰਗਫਲੀ ਆਦਿ ਦੀ ਨਿਸ਼ਕਾਮ ਸੇਵਾ ਕਰਨੀ।
11. ਕੀੜੇ - ਮਕੌੜਿਆਂ ਦੇ ਲਈ ਪੰਚਮੇਵਾ , ਬਾਦਾਮ , ਕਾਜੂ , ਛੁਹਾਰੇ , ਮਿਸ਼ਰੀ , ਕਿਸ਼ਮਿਸ਼ , ਪਿਸਤੇ , ਸ਼ੱਕਰ , ਨਾਰੀਅਲ ਬੁਰਾਦਾ , ਗਊ ਦਾ ਸ਼ੁੱਧ ਦੇਸੀ ਘਿਓ ਨਾਲ਼ ਨਿਸ਼ਕਾਮ ਸੇਵਾ।
12. ਤਿਤਲੀਆਂ ਤੇ ਮਧੂਮੱਖੀਆਂ ਦੇ ਬਚਾਓ ਲਈ ਕੰਕਰ ਤੇ ਰੇਤ ਆਦਿ ਸਮੇਤ ਮਿੱਟੀ ਦੇ ਸਕੋਰੇ ਲਗਾਉਣ ਦੀ ਨਿਸ਼ਕਾਮ ਸੇਵਾ ਕਰਨੀ।
13. ਘਰ ਤੇ ਜੰਗਲਾਂ ਵਿੱਚ ਫੁੱਲਾਂ ਦੇ ਪੌਦੇ ਲਗਾਉਣ ਦੀ ਨਿਸ਼ਕਾਮ ਸੇਵਾ ਕਰਨੀ ਤੇ ਵੱਖ - ਵੱਖ ਤਰ੍ਹਾਂ ਦੇ ਫੁੱਲਾਂ ਦੇ ਬੀਜ ਪਾਉਣੇ।
14. ਜੰਗਲਾਂ , ਗੈਰ - ਆਬਾਦ ਥਾਵਾਂ , ਛੱਪੜਾਂ , ਟੋਭਿਆਂ ਤੇ ਨਦੀਆਂ ਦੇ ਕਿਨਾਰੇ ਤੇ ਖੇਤਾਂ ਵਿੱਚ ਫੁੱਲਦਾਰ ਪੌਦੇ ਲਗਾਉਣ ਦੀ ਨਿਸ਼ਕਾਮ ਸੇਵਾ ਕਰਨਾ ਤਾਂ ਜੋ ਤਿਤਲੀਆਂ ਅਤੇ ਮਧੂਮੱਖੀਆਂ ਨੂੰ ਬਚਾਉਣ ਲਈ ਆਪਣੇ ਪੱਧਰ 'ਤੇ ਕੋਸ਼ਿਸ਼ ਕੀਤੀ ਜਾ ਸਕੇ।
ਇਸੇ ਪਹਿਲੂ ਦੇ ਤਹਿਤ ਲੋਕਾਂ ਅਤੇ ਸਕੂਲ ਵਿਦਿਆਰਥੀਆਂ ਨੂੰ ਕੀਟ - ਨਾਸ਼ਕਾਂ ਦੀ ਵਰਤੋਂ ਘੱਟ ਕਰਨ ਲਈ ਜਾਗਰੂਕ ਕਰਨਾ।
15. ਜੰਗਲਾਂ ਵਿੱਚ ਟੁੱਟ ਗਏ ਸਕੋਰਿਆਂ ਦੀ ਥਾਂ ਨਵੇਂ ਸਕੋਰੇ ਲਗਾਉਣ ਦੀ ਨਿਸ਼ਕਾਮ ਸੇਵਾ ।
16. ਜੰਗਲਾਂ ਵਿੱਚ ਪੰਛੀਆਂ , ਜੀਵਾਂ ਤੇ ਤਿਤਲੀਆਂ - ਮਧੂਮੱਖੀਆਂ ਲਈ ਲਗਾਏ ਮਿੱਟੀ ਦੇ ਪਾਣੀ ਦੇ ਸਕੋਰਿਆਂ ਦੀ ਨਿਰੰਤਰ ਸਾਫ਼ - ਸਫ਼ਾਈ ਕਰਨ ਦੀ ਨਿਸ਼ਕਾਮ ਸੇਵਾ ਕਰਨੀ।
17. ਰੇਡੀਓ ਪ੍ਰੋਗਰਾਮ , ਰੰਗਮੰਚ ਰਾਹੀਂ , ਸਕੂਲਾਂ ਵਿੱਚ , ਮੇਲਿਆਂ ਵਿੱਚ , ਲੰਗਰਾਂ ਵਿੱਚ , ਬੱਸ - ਸਟੈਂਡਾਂ 'ਤੇ ਵਾਤਾਵਰਨ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ।
18. ਆਪਣੀਆਂ ਰਚਨਾਵਾਂ ਰਾਹੀਂ ਆੱਨਲਾਇਨ ਅਤੇ ਆੱਫਲਾਇਨ ਜਾਗਰੂਕਤਾ ਪੈਦਾ ਕਰਨਾ।
19. 108 ਦਿਨ ਨਿਰੰਤਰ ਪੌਦੇ ਲਗਾਉਣ ਦਾ ਰਿਕਾਰਡ ਬਣਾਉਣਾ।
20. ਵਾਤਾਵਰਨ ਸੇਵਾ ਲਈ ਸਨਮਾਨਿਤ ਹੋਣਾ :-
ਸੰਤਾਂ ਮਹਾਂਪੁਰਖਾਂ ਤੇ ਸੰਸਥਾਂਵਾਂ ਪਾਸੋਂ , ਡਾਇਰੈਕਟਰ ਫਸ਼ਛਸ਼ਠ , ਆਸਰਾ ਫਾਊਂਡੇਸ਼ਨ ਪਾਸੋਂ ਕਈ ਵਾਰ , ਪਰਿਆਸ ਕਲਾ ਮੰਚ ਵਲੋਂ , ਅਲਾਇੰਸ ਕਲੱਬ ਵਲੋਂ ਕਈ ਵਾਰ , ਸ਼੍ਰੀ ਰਾਮਾਡ੍ਰਾਮਾਟਿਕ ਕਮੇਟੀ ਵਲੋਂ ਤੇ ਹੋਰ।



21. ਪਲਾਸਟਿਕ , ਪਾਣੀ , ਬਿਜਲੀ , ਵਰਖਾ ਪਾਣੀ , ਜੰਗਲਾਂ ਦੀ ਸਫ਼ਾਈ , ਬਤੌਰ ਸੈਲਾਨੀ ਜਾਗਰੂਕਤਾ।
22. ਸੈਰ - ਸਪਾਟੇ ਸਮੇਂ ਵੀ ਪੌਦੇ ਲਗਾਉਣੇ , ਜੀਵਾਂ ਤੇ ਪੰਛੀਆਂ , ਕੀੜਿਆਂ ਆਦਿ ਦੀ ਸੇਵਾ ਕਰਨੀ।
23. ਸਕੂਲਾਂ ਵਿੱਚ ਸੇਵਾ ਕਰਨੀ ਤਾਂ ਜੋ ਵਿਦਿਆਰਥੀ ਵਾਤਾਵਰਨ ਨਾਲ਼ ਜੁੜਨ। ਜਿਵੇਂ ਜਨਮ ਦਿਨਾਂ , 15 ਅਗਸਤ ਸਮੇਂ ਪੌਦੇ ਲਗਾਉਣੇ।
24. ਕੱਪੜੇ ਦੇ ਥੈਲੇ ਦੀ ਖੁਦ ਵਰਤੋਂ ਕਰਨਾ।
25. ਖੁਦ ਪੈਦਲ ਸਕੂਲ ਜਾਣਾ , ਬਜ਼ਾਰ , ਸ਼ਹਿਰ ਜਾਣਾ।
26. ਸਕੂਲ ਦੇ ਈਕੋ ਕਲੱਬ ਇੰਚਾਰਜ ਵਜੋਂ ਕੰਮ ਕਰਨਾ।
27. ਸੰਸਥਾਵਾਂ ਜਿਵੇਂ ਆਸਰਾ ਫਾਊਂਡੇਸ਼ਨ ( ਰਜਿ.) ਸ਼੍ਰੀ ਅਨੰਦਪੁਰ ਸਾਹਿਬ , ਅਲਾਇੰਸ ਕਲੱਬ ਇੰਟਰਨੈਸ਼ਨਲ ( ਰਜਿ.) ਸ਼੍ਰੀ ਅਨੰਦਪੁਰ ਸਾਹਿਬ ਨਾਲ਼ ਮਿਲ਼ ਕੇ ਨਿਰੰਤਰ ਪੌਦੇ ਲਗਾਉਣੇ , ਮੁਫ਼ਤ ਪੌਦੇ ਵੰਡਣਾ , ਮਿੱਟੀ ਦੇ ਸਕੋਰੇ ਮੁਫ਼ਤ ਲੋਕਾਂ ਨੂੰ ਵੰਡਣਾ , ਘਰ - ਘਰ ਫ਼ਲਦਾਰ ਤੇ ਛਾਂਦਾਰ ਪੌਦੇ ਲਗਾਉਣਾ , ਸ਼ਹਿਰ ਦੇ ਲੋਕਾਂ ਦੇ ਜਨਮ ਦਿਨਾਂ ਮੌਕੇ ਮੁਫ਼ਤ ਪੌਦੇ ਲਗਾਉਣੇ ਤੇ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ।
28. ਸਾਈਕਲ ਦੀ ਵਰਤੋਂ ਤੇ ਜਾਗਰੂਕਤਾ।
29. ਸਿਵਲ ਅਤੇ ਪੁਲਿਸ ਪ੍ਰਸਾਸ਼ਨ ਨਾਲ਼ ਮਿਲ਼ਕੇ ਵਾਤਾਵਰਨ ਸੰਭਾਲ ਲਈ ਉਪਰਾਲੇ ਕਰਨੇ।
30. ਸਕੂਲ ਦੇ ਵਿਦਿਆਰਥੀਆਂ ਵਿੱਚ ਕੁਦਰਤ ਤੇ ਵਾਤਾਵਰਨ ਸੰਭਾਲ ਤੇ ਝੁਕਾਓ ਸੰਬੰਧੀ ਪੇਂਟਿੰਗ ਮੁਕਾਬਲੇ ਕਰਵਾਉਣੇ।
31. ਸਕੂਲ ਦੇ ਵਿਦਿਆਰਥੀਆਂ ਵਿੱਚ ਵਾਤਾਵਰਨ ਤੇ ਜੀਵ - ਜੰਤੂਆਂ ਪ੍ਰਤੀ ਪਿਆਰ ਤੇ ਜਾਗਰੂਕਤਾ ਸੰਬੰਧੀ ਬਾਲ - ਲਿਖਤਾਂ , ਬਾਲ - ਕਵਿਤਾਵਾਂ ਤੇ ਬਾਲ - ਕਹਾਣੀਆਂ ਲਿਖਵਾਉਣਾ , ਇਨ੍ਹਾਂ ਦੇ ਸਕੂਲ ਵਿਦਿਆਰਥੀਆਂ ਨੇ ਦੋ ਪੁਸਤਕਾਂ ਵੀ ਲਿਖੀਆਂ। ਬੱਚਿਆਂ ਦੀਆਂ ਇਨ੍ਹਾਂ ਬਾਲ - ਲਿਖਤਾਂ ਕਰਕੇ ਸਰਕਾਰੀ ਸਕੂਲ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰ-ਡਜ਼ ਵਿੱਚ ਵੀ ਦਰਜ਼ ਹੋਇਆ।

ਕੁਦਰਤ - ਪ੍ਰੇਮੀ ਮਾਸਟਰ ਸੰਜੀਵ ਧਰਮਾਣੀ ਦੱਸਦੇ ਹਨ ਕਿ ਕੁਦਰਤ ਦੀ ਨਿਸ਼ਕਾਮ - ਸੇਵਾ ਹੀ ਪਰਮਾਤਮਾ ਦੀ ਸੱਚੀ ਭਗਤੀ ਹੈ।

# ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨਾ ਆਪ ਸਰਕਾਰ ਨੂੰ ਮਹਿੰਗਾ ਪਵੇਗਾ: ਡਾਕਟਰ ਨਿਰੰਜਣ ਪਾਲ ਹੀਂਉ

**ਬੰਗਾ 26 ਜੂਨ (ਚਰਨਜੀਤ ਸ ੱਲ੍ਹਾ )** ਪਿਛਲੇ ਲਗਭਗ ਸਾਢੇ ਚਾਰ ਸਾਲਾਂ ਤੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲਟਕਦੀਆਂ ਮੰਗਾਂ ਨੂੰ ਪੂਰਾ ਨਾ ਕਰਨਾ,ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 2027 ਦੀਆਂ ਚੋਣਾਂ ਵਿੱਚ ਬਹੁਤ ਮਹਿੰਗਾ ਪਵੇਗਾ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਸਿਵਲ ਮੈਡੀਕਲ ਮੈਡੀਕਲ ਸਰਵਿਸਿਜ਼ ਐਸੋਸੀਏਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਬਕਾ ਪ੍ਰਧਾਨ, ਸੇਵਾ ਮੁਕਤ ਸੀਨੀਅਰ ਮੈਡੀਕਲ ਅਫ਼ਸਰ ਅਤੇ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਨੇ ਪ੍ਰੈਸ ਨੂੰ ਜਾਰੀ ਬਿਆਨ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ 18 ਪ੍ਰਤੀਸ਼ਤ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਭੁਗਤਾਨ ਨਾ ਕਰਨ ਕਰਕੇ ਮੁਲਾਜ਼ਮ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ ਜਾਰੀ ਕਰਨ ਦੇ ਫ਼ੈਸਲੇ ਨੂੰ ਵੀ ਟਾਲ ਮਟੋਲ ਕਰਨ ਦੀ ਨੀਤੀ ਅਪਣਾਈ ਜਾ ਰਹੀ ਹੈ। ਡਾਕਟਰ ਪਾਲ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ 2022 ਵਿੱਚ ਚੋਣਾਂ ਦੌਰਾਨ ਆਪਣੇ



ਮੈਨੀਫੈਸਟੋ ਵਿੱਚ ਨਵੀਂ ਪੈਨਸ਼ਨ ਸਕੀਮ ਦੀ ਥਾਂ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ,ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਤੇ ਕਬਜ਼ਾ ਤਾਂ ਕਰ ਲਿਆ ਪਰ ਹੁਣ ਜਦੋਂ ਮੁਲਾਜ਼ਮ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਧਰਨੇ ਅਤੇ ਮੁਜ਼ਾਹਰੇ ਕਰਦੇ ਹਨ ਤਾਂ ਇਨ੍ਹਾਂ ਨੂੰ ਅਣ ਮਨੁੱਖੀ ਢੰਗ ਨਾਲ ਛੱਲੀਆਂ ਵਾਂਗ ਕੁੱਟਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ ਅਤੇ ਇਹ ਸਰਕਾਰ ਮੁਲਾਜ਼ਮ ਵਿਰੋਧੀ ਸਾਬਿਤ ਹੋਈ ਹੈ । ਪੰਜਾਬ ਦੇ ਲਗਭਗ 7 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਦੇਖਿਆ ਕਰਨ ਦੀ ਕੀਮਤ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚਕਾਉਣੀ ਪਵੇਗੀ । ਇਥੇ ਇਹ ਵੀ ਵਰਨਣਯੋਗ ਹੈ ਕਿ ਆਮ ਆਦਮੀ ਪਾਰਟੀ ਨੂੰ ਬਦਲਾਅ ਦੇ ਨਾਂਅ ਉੱਤੇ ਸੱਤਾ ਵਿੱਚ ਲਿਆਉਣ ਲਈ ਪੰਜਾਬ ਦੇ ਮੁਲਾਜ਼ਮਾਂ ਨੇ ਅਹਿਮ ਰੋਲ ਨਿਭਾਇਆ ਸੀ ਅਤੇ ਪੰਜਾਬ ਸਕੱਤਰੇਤ ਵਿਖੇ ਮੁੱਖ ਮੰਤਰੀ ਪੰਜਾਬ ਦਾ ਗਰਮਜੋਸ਼ੀ ਨਾਲ ਸਵਾਗਤ ਵੀ ਕੀਤਾ ਗਿਆ ਸੀ ਪਰ ਹੁਣ ਮੁਲਾਜ਼ਮ ਅਤੇ ਪੈਨਸ਼ਨਰ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ ਜਦੋਂ ਕਿ ਮੁਲਾਜ਼ਮ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ ।

for more news visit:
www.samajweekly.com

# ਪੰਜਾਬੀ ਲੈਕਚਰਾਰਾਂ ਦੀ ਭਰਤੀ ਵਿੱਚ SC ਅਤੇ BC ਭਾਈਚਾਰੇ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ: ਡਾ. ਅਵਤਾਰ ਸਿੰਘ ਕਰੀਮਪੁਰੀ

●ਆਮ ਆਦਮੀ ਪਾਰਟੀ ਦੀ ਸਰਕਾਰ ਦਾ ਦਲਿਤ-ਪਿਛੜਾ ਵਿਰੋਧੀ ਚਿਹਰਾ ਹੋਇਆ ਬੇਨਕਾਬ
●ਰਿਜ਼ਰਵੇਸ਼ਨ ਕੋਟੇ 'ਤੇ ਡਾਕਾ ਮਾਰਨ ਖ਼ਿਲਾਫ਼ ਬਸਪਾ ਖੋਲ੍ਹੇਗੀ ਮੋਰਚਾ, 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਸੱਦਾ

**ਚੰਡੀਗੜ੍ਹ/ਜਲੰਧਰ 26 ਜੂਨ (ਚਰਨਜੀਤ ਸੱਲ੍ਹਾ)** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਵਿਸ਼ੇ ਦੇ ਲੈਕਚਰਾਰਾਂ ਦੀਆਂ 71 ਅਸਾਮੀਆਂ ਦੀ ਭਰਤੀ ਵਿੱਚ ਐੱਸ.ਸੀ. (ਸ਼ਡ) ਅਤੇ ਬੀ.ਸੀ. (ਭਡ) ਭਾਈਚਾਰੇ ਨਾਲ ਕੀਤੇ ਗਏ ਵੱਡੇ ਧੱਕੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਡਾ. ਕਰੀਮਪੁਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਦਾ ਦਲਿਤ ਅਤੇ ਪਿਛੜਾ ਵਰਗ ਵਿਰੋਧੀ ਚਿਹਰਾ ਹੁਣ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ।

ਰਿਜ਼ਰਵੇਸ਼ਨ ਨੀਤੀ ਦਾ ਘਾਣ

ਡਾ. ਕਰੀਮਪੁਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਸ਼ਤਿਹਾਰ ਵਿੱਚ ਆਮ ਰਿਜ਼ਰਵੇਸ਼ਨ ਕੋਟੇ ਅਧੀਨ ਐੱਸ.ਸੀ. ਅਤੇ ਬੀ.ਸੀ. ਵਰਗ ਲਈ ਕੋਈ ਵੀ ਨਵੀਂ ਅਸਾਮੀ ਰਾਖਵੀਂ ਨਹੀਂ ਰੱਖੀ ਗਈ ਇਹ ਸਿੱਧੇ ਤੌਰ 'ਤੇ ਸੰਵਿਧਾਨਕ ਰਿਜ਼ਰਵੇਸ਼ਨ ਨੀਤੀ ਦੀ ਭਾਵਨਾ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਦਾ ਘੋਰ ਉਲੰਘਣ ਹੈ। "ਆਪਣੇ ਆਪ ਨੂੰ ਬਦਲਾਅ ਦੀ ਸਰਕਾਰ ਅਖਵਾਉਣ ਵਾਲੀ 'ਆਪ' ਸਰਕਾਰ ਪਛੜੇ ਅਤੇ ਦਲਿਤ ਸਮਾਜ ਦੇ ਨੌਜਵਾਨਾਂ ਦੇ ਰੁਜ਼ਗਾਰ 'ਤੇ ਡਾਕਾ ਮਾਰ ਰਹੀ ਹੈ। ਸੰਵਿਧਾਨ ਵੱਲੋਂ ਮਿਲੇ ਹੱਕਾਂ ਨੂੰ ਇਸ ਤਰ੍ਹਾਂ ਕੁਚਲਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ।"





— ਡਾ. ਅਵਤਾਰ ਸਿੰਘ ਕਰੀਮਪੁਰੀ (ਪ੍ਰਧਾਨ, ਬਸਪਾ ਪੰਜਾਬ)

ਬਸਪਾ ਦੀਆਂ ਮੁੱਖ ਮੰਗਾਂ ਅਤੇ ਚੇਤਾਵਨੀ

ਬਹੁਜਨ ਸਮਾਜ ਪਾਰਟੀ ਪੰਜਾਬ ਸਰਕਾਰ ਤੋਂ ਹੇਠ ਲਿਖੀਆਂ ਮੰਗਾਂ ਕਰਦੀ ਹੈ ਅਤੇ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੰਦੀ ਹੈ:

ਰੋਸਟਰ ਜਨਤਕ ਕੀਤਾ ਜਾਵੇ: ਪੰਜਾਬ ਸਰਕਾਰ ਇਸ ਭਰਤੀ ਦਾ ਪੂਰਾ ਰੋਸਟਰ ਤੁਰੰਤ ਜਨਤਕ ਕਰੇ ਤਾਂ ਜੋ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ।

ਸੰਵਿਧਾਨਕ ਹੱਕ ਬਹਾਲ ਹੋਵੇ: ਐੱਸ.ਸੀ. ਅਤੇ ਬੀ.ਸੀ. ਭਾਈਚਾਰੇ ਦਾ ਜੋ ਬਣਦਾ ਕਾਨੂੰਨੀ ਅਤੇ ਸੰਵਿਧਾਨਕ ਹੱਕ ਹੈ, ਉਸ ਅਨੁਸਾਰ ਨਵੀਆਂ ਅਸਾਮੀਆਂ ਰਾਖਵੀਆਂ ਕੀਤੀਆਂ ਜਾਣ।

ਕਾਨੂੰਨੀ ਅਤੇ ਜਨਤਕ ਲੜਾਈ: ਬਸਪਾ ਸਪੱਸ਼ਟ ਕਰਦੀ ਹੈ ਕਿ ਰਾਖਵੇਂਕਰਨ ਦੇ ਹੱਕਾਂ ਉੱਤੇ ਕੋਈ ਵੀ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮਜ਼ਬੂਤੀ ਨਾਲ ਉਠਾਇਆ ਜਾਵੇਗਾ।

'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਸੱਦਾ

ਡਾ. ਕਰੀਮਪੁਰੀ ਨੇ ਪੰਜਾਬ ਦੇ ਸਮੂਹ ਇਨਸਾਫ਼ ਪਸੰਦ ਲੋਕਾਂ, ਨੌਜਵਾਨਾਂ, ਅਤੇ ਖਾਸ ਕਰਕੇ ਐੱਸ.ਸੀ./ਬੀ.ਸੀ. ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਇਨ੍ਹਾਂ ਮਾਰੂ ਨੀਤੀਆਂ ਖ਼ਿਲਾਫ਼ ਇਕਜੁੱਟ ਹੋਣ। ਉਨ੍ਹਾਂ ਨੇ ਸਾਰਿਆਂ ਨੂੰ ਬਸਪਾ ਵੱਲੋਂ ਵਿੱਢੀ ਗਈ 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਜ਼ੋਰਦਾਰ ਸੱਦਾ ਦਿੱਤਾ ਤਾਂ ਜੋ ਪੰਜਾਬ ਦੇ ਸਰਵਸਮਾਜ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ ਅਤੇ ਇਸ ਗੂੰਗੀ-ਬੋਲੀ ਸਰਕਾਰ ਨੂੰ ਜਗਾ ਕੇ ਦਲਿਤਾਂ-ਪਿਛੜਿਆਂ ਦਾ ਹੱਕ ਦਿਵਾਇਆ ਜਾ ਸਕੇ।

# ਵਾਰਡ ਦਾ ਸਰਵਪੱਖੀ ਵਿਕਾਸ ਅਤੇ ਲੋਕਾਂ ਦੀ ਸੇਵਾ ਹੀ ਮੇਰਾ ਮੁੱਖ ਨਿਸ਼ਾਨਾ : ਅਜੇ ਕੁਮਾਰ ਚੋਹਾਨ

**ਹੁਸ਼ਿਆਰਪੁਰ, 26 ਜੂਨ ( ਤਰਸੇਮ ਦੀਵਾਨਾ )** – ਵਾਰਡ ਨੰਬਰ 26 ਤੋਂ ਆਮ ਆਦਮੀ ਪਾਰਟੀ (ਆਪ) ਦੇ ਸੂਝਵਾਨ, ਮਿਹਨਤੀ ਅਤੇ ਵਧੀਆ ਸੋਚ ਰੱਖਣ ਵਾਲੇ ਉਮੀਦਵਾਰ ਅਜੇ ਕੁਮਾਰ ਚੋਹਾਨ ਵੱਲੋਂ ਚੋਣ ਪ੍ਰਚਾਰ ਦੌਰਾਨ ਵਾਰਡ ਦੇ ਵੋਟਰਾਂ ਨਾਲ ਵੱਡੀ ਪੱਧਰ 'ਤੇ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਪਹਿਲੀ ਵਾਰ ਚੋਣ ਮੈਦਾਨ ਵਿੱਚ ਉਤਰੇ ਅਜੇ ਕੁਮਾਰ ਨੂੰ ਵਾਰਡ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਅਤੇ ਪਿਆਰ ਮਿਲ ਰਿਹਾ ਹੈ।

ਵਾਰਡ ਵਿੱਚ ਚੋਣ ਮੀਟਿੰਗਾਂ ਦੌਰਾਨ ਗੱਲਬਾਤ ਕਰਦਿਆਂ ਉਮੀਦਵਾਰ ਅਜੇ ਕੁਮਾਰ ਨੇ ਬੇਬਾਕੀ ਨਾਲ ਕਿਹਾ ਕਿ "ਮੈਂ ਵਾਰਡ ਦੇ ਹਰ ਨਾਗਰਿਕ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾਂਗਾ। ਵਾਰਡ ਵਾਸੀਆਂ ਨੂੰ ਹਰ ਬੁਨਿਆਦੀ ਸਹੂਲਤ ਮੁਹੱਈਆ ਕਰਵਾਉਣ ਲਈ ਮੈਂ ਦਿਨ-ਰਾਤ ਇੱਕ ਕਰ ਦੇਵਾਂਗਾ ਅਤੇ ਵਿਕਾਸ ਦੇ ਪੱਖੋਂ ਵਾਰਡ ਵਿੱਚ ਕੋਈ ਵੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

ਉਨ੍ਹਾਂ ਨੇ ਵੋਟਰਾਂ ਦੀ ਅਹਿਮੀਅਤ ਨੂੰ ਦਰਸਾਉਂਦਿਆਂ ਇੱਕ ਬਹੁਤ ਹੀ ਸੁੰਦਰ ਉਦਾਹਰਨ ਦਿੱਤੀ। ਉਨ੍ਹਾਂ ਕਿਹਾ ਕਿ "ਜਿਸ ਤਰ੍ਹਾਂ ਇੱਕ ਪੰਛੀ ਨੂੰ ਅਸਮਾਨ ਵਿੱਚ ਉੱਡਣ ਵਾਸਤੇ



ਉਸ ਦੇ ਖੰਭ ਸਹਾਈ ਹੁੰਦੇ ਹਨ, ਠੀਕ ਉਸੇ ਤਰ੍ਹਾਂ ਚੋਣ ਮੈਦਾਨ ਵਿੱਚ ਉਤਰੇ ਉਮੀਦਵਾਰ ਲਈ ਉਸ ਦੇ ਵਾਰਡ ਦੇ ਵੋਟਰ ਹੀ ਖੰਭਾਂ ਦਾ ਕੰਮ ਕਰਦੇ ਹਨ। ਵੋਟਰਾਂ ਦੀ ਤਾਕਤ ਅਤੇ ਆਸ਼ੀਰਵਾਦ ਨਾਲ ਹੀ ਵਾਰਡ ਦੀ ਨੁਹਾਰ ਬਦਲੀ ਜਾ ਸਕਦੀ ਹੈ।ਅਜੇ ਕੁਮਾਰ ਚੋਹਾਨ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਦੌਰਾਨ ਜਨਤਾ ਨਾਲ ਕੀਤੇ ਆਪਣੇ ਲਗਭਗ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਦੱਸਿਆ ਕਿ ਸਰਕਾਰ ਵੱਲੋਂ ਕੀਤਾ ਗਿਆ ਇੱਕ ਆਖ਼ਰੀ ਮੁੱਖ ਵਾਅਦਾ ਵੀ ਹੁਣ ਪੂਰਾ ਹੋਣ ਜਾ ਰਿਹਾ ਹੈ। 1 ਜੁਲਾਈ ਤੋਂ ਪੰਜਾਬ ਦੀਆਂ ਔਰਤਾਂ ਦੇ ਖਾਤਿਆਂ ਵਿੱਚ ਮਾਲੀ ਸਹਾਇਤਾ ਦੇ ਪੈਸੇ ਆਉਣੇ ਸ਼ੁਰੂ ਹੋ ਜਾਣਗੇ।ਸਰਕਾਰ ਦੇ ਇਸ ਇਤਿਹਾਸਕ ਫ਼ੈਸਲੇ ਅਤੇ ਲੋਕ-ਪੱਖੀ ਕੰਮਾਂ ਸਦਕਾ ਅੱਜ ਆਮ ਆਦਮੀ ਪਾਰਟੀ ਜਨਤਾ ਦੇ ਦਿਲਾਂ ਵਿੱਚ ਵਸ ਚੁੱਕੀ ਹੈ ਅਤੇ ਇਸ ਦੀ ਲੋਕਪ੍ਰਿਯਤਾ ਲਗਾਤਾਰ ਵਧ ਰਹੀ ਹੈ।ਅੰਤ ਵਿੱਚ 'ਆਪ' ਉਮੀਦਵਾਰ ਅਜੇ ਕੁਮਾਰ ਚੋਹਾਨ ਨੇ ਵਾਰਡ ਨੰਬਰ 26 ਦੇ ਸਮੂਹ ਮਾਈ-ਬਾਪ ਵੋਟਰਾਂ ਨੂੰ ਅਪੀਲ ਕੀਤੀ ਕਿ ਵਾਰਡ ਦੇ ਸਰਵਪੱਖੀ ਝਾੜੂ ਦੇ ਨਿਸ਼ਾਨ 'ਤੇ ਮੋਹਰ ਲਗਾ ਕੇ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਜਾਵੇ।

**ਫੋਟੋ ਅਜਮੇਰ ਦੀਵਾਨਾ**

# ਸਿਆਸੀ ਆਗੂਆਂ ਵੱਲੋਂ ਦਲ ਬਦਲੀ ਕਰਨਾ ਵੋਟਰਾਂ ਅਤੇ ਲੋਕਤੰਤਰ ਨਾਲ ਸਿੱਧੀ ਗੱਦਾਰੀ: ਕਰਨ ਸਿੰਘ ਰਾਣਾ

**ਬਲਾਚੌਰ, 26 ਜੂਨ (ਜਤਿੰਦਰਪਾਲ ਸਿੰਘ ਕਲੇਰ)** : "ਅੰਮ੍ਰਿਤ ਕਾਲ ਮੌਕੇ ਦੇਸ਼ ਅੰਦਰ ਥੋਕ ਦੇ ਭਾਅ ਕੀਤੀਆਂ ਜਾ ਰਹੀਆਂ ਦਲ ਬਦਲੀਆਂ ਬੇਹਦ ਚਿੰਤਾ ਦਾ ਵਿਸ਼ਾ ਹਨ ਅਤੇ ਸਿਆਸੀ ਆਗੂਆਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਪਾਰਟੀਆਂ ਬਦਲਣਾ ਵੋਟਰਾਂ ਨਾਲ ਸਿੱਧੀ ਗੱਦਾਰੀ ਹੈ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਈ ਲਾਲੋ ਲੋਕ ਮੰਚ ਨਾਲ ਸਬੰਧਤ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਦੇ ਜਨਰਲ ਸਕੱਤਰ ਸਾਥੀ ਕਰਨ ਸਿੰਘ ਰਾਣਾ ਨੇ ਅੱਜ ਇੱਥੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਆਖਿਆ ਕਿ ਹਰਿਆਣਾ, ਬੰਗਾਲ, ਪੰਜਾਬ ਅਤੇ ਮਹਾਰਾਸ਼ਟਰ ਸਮੇਤ ਦੇਸ਼ ਦੇ ਕਈ ਸੂਬਿਆਂ ਵਿੱਚ ਵੱਡੇ ਪੱਧਰ 'ਤੇ ਸਿਆਸੀ ਲੋਕ ਅਤੇ ਚੁਣੇ ਹੋਏ ਨੁਮਾਇੰਦੇ ਦਲ ਬਦਲੀ ਕਰ ਰਹੇ ਹਨ, ਜਿਸ ਨੇ ਲੋਕਤੰਤਰ ਦੇ ਵਕਾਰ ਨੂੰ ਸੱਟ ਮਾਰੀ ਹੈ। ਸਾਥੀ ਰਾਣਾ ਨੇ ਤਿੱਖੇ ਸ਼ਬਦਾਂ ਵਿੱਚ ਆਖਿਆ ਕਿ ਇਨ੍ਹਾਂ ਦਲ ਬਦਲੀਆਂ ਨੂੰ 'ਰਾਜਨੀਤਿਕ ਗੱਦਾਰੀ' ਕਹਿਣਾ ਬਿਲਕੁਲ ਜਾਇਜ਼



ਹੋਵੇਗਾ, ਕਿਉਂਕਿ ਲੋਕਰਾਜ ਵਿੱਚ ਅਸਲ ਲੜਾਈ ਵਿਚਾਰਧਾਰਾਵਾਂ ਦੀ ਹੁੰਦੀ ਹੈ। ਲੋਕ ਆਪਣੀ ਵੋਟ ਦੀ ਵਰਤੋਂ ਕਰਕੇ ਵੱਖ-ਵੱਖ ਵਿਚਾਰਧਾਰਾਵਾਂ ਨੂੰ ਆਪਣੇ ਵਿਵੇਕ ਅਨੁਸਾਰ ਚੁਣਦੇ ਹਨ। ਉਨ੍ਹਾਂ ਅਫ਼ਸੋਸ ਜਤਾਇਆ ਕਿ ਮੌਜੂਦਾ ਸਮੇਂ ਭਾਰਤ ਅੰਦਰ ਹੋ ਰਹੀ ਇਸ ਰਾਜਨੀਤਿਕ ਗੱਦਾਰੀ ਨੇ ਵਿਸ਼ਵ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਅਜਿਹੇ ਰਾਜਨੀਤਕ ਗੱਦਾਰਾਂ ਨੂੰ ਹੱਲਾਸ਼ੇਰੀ ਦੇਣੀ ਜੰਗੇ-ਆਜ਼ਾਦੀ ਦੇ ਮਹਾਨ ਸ਼ਹੀਦਾਂ ਦਾ ਸਿੱਧਾ ਨਿਰਾਦਰ ਹੈ। ਉਨ੍ਹਾਂ ਅੱਗੇ ਆਖਿਆ ਕਿ ਇਹ ਰਾਜਨੀਤਿਕ ਆਗੂ ਦਲ ਬਦਲੀ ਕਰਨ ਤੋਂ ਬਾਅਦ ਲੋਕਾਂ ਨੂੰ ਇਹ ਕਹਿ ਕੇ ਗੁਮ-ਰਾਹ ਕਰਦੇ ਹਨ ਕਿ ਉਨ੍ਹਾਂ ਨੇ ਇਹ ਕਦਮ ਰਾਜ ਸੱਤਾ ਰਾਹੀਂ ਇਲਾਕੇ ਦੇ ਕੰਮ ਕਰਵਾਉਣ ਲਈ ਚੁੱਕਿਆ ਹੈ, ਜੋ ਕਿ ਬਿਲਕੁਲ ਝੂਠ ਹੈ। ਪੰਜਾਬ ਵਿੱਚ ਵੀ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਕਈ ਆਗੂਆਂ ਨੇ ਦਲ ਬਦਲੀ ਕਰਕੇ ਦੇਸ਼ ਦੀ ਆਜ਼ਾਦੀ ਦੇ ਸ਼ਹੀਦਾਂ ਦੇ ਸੁਪਨਿਆਂ ਦਾ ਅਪਮਾਨ ਕੀਤਾ ਹੈ। ਸਾਥੀ ਕਰਨ ਸਿੰਘ ਰਾਣਾ ਨੇ ਲੋਕਾਂ ਨੂੰ ਅਪੀਲ ਕਰਦਿਆਂ ਆਖਿਆ ਕਿ ਜੇਕਰ ਦੇਸ਼ ਵਿੱਚ ਲੋਕਰਾਜ ਅਤੇ ਸੰਵਿਧਾਨ ਨੂੰ ਬਚਾਉਣਾ ਹੈ, ਤਾਂ ਸਾਨੂੰ ਸਾਫ਼-ਸੁਥਰੀ, ਇਖ਼ਲਾਕਪ੍ਰਸਤ ਅਤੇ ਅਸੂਲਾਂ ਦੀ ਰਾਜਨੀਤੀ ਨੂੰ ਪਹਿਲ ਦੇਣੀ ਪਵੇਗੀ। ਉਨ੍ਹਾਂ ਸਮਾਜ ਦੇ ਸੂਝਵਾਨ ਵਰਗ ਨੂੰ ਸੱਦਾ ਦਿੱਤਾ ਕਿ ਰਾਜਨੀਤਿਕ ਗੱਦਾਰੀ ਦੇ ਇਸ ਮਾੜੇ ਚਲਣ ਨੂੰ ਰੋਕਣ ਲਈ ਦੇਸ਼ ਅੰਦਰ ਇੱਕ ਜ਼ੋਰਦਾਰ ਲੋਕ ਮੁਹਿੰਮ ਚਲਾਈ ਜਾਵੇ ਤਾਂ ਜੋ ਸਿਆਸੀ ਲੋਕਾਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ।

# ਪ੍ਰਤਿਭਾਸ਼ਾਲੀ ਔਰਤਾਂ ਸਮੁੱਚੇ ਸਮਾਜ ਦਾ ਕੀਮਤੀ ਗਹਿਣਾ : ਢੋਸੀਵਾਲ

## ਬੂੱਧਾ ਟਰੱਸਟ ਨੇ ਕੀਤਾ ਮਾਣ-ਤਾਣ



**ਫਰੀਦਕੋਟ, 26 ਜੂਨ ( ਸ਼ਿਵਨਾਥ )** ਐਲ.ਬੀ.ਸੀ.ਟੀ. (ਲਾਰਡ ਬੂੱਧਾ ਚੀਰੈਟੇਬਲ ਟਰੱਸਟ) ਵੱਲੋਂ ਸਥਾਨਕ ਅਰੋਮਾ ਹੋਟਲ ਵਿਖੇ 'ਪ੍ਰਤਿਭਾਸ਼ਾਲੀ ਔਰਤ ਸਨਮਾਨ ਸਮਾਰੋਹ' ਆਯੋਜਿਤ ਕੀਤਾ ਗਿਆ। ਟਰੱਸਟ ਦੇ ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਦੀ ਪ੍ਰਧਾਨਗੀ ਹੇਠ ਹੋਏ ਇਸ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਸਮੇਤ ਟਰੱਸਟ ਦੇ ਸੀਨੀਅਰ ਆਗੂਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਪ੍ਰਤਿਭਾਸ਼ਾਲੀ ਬੀਬੀਆਂ ਅਤੇ ਹੋਰ ਪ੍ਰਮੁੱਖ ਸ਼ਹਿਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਟਰੱਸਟ ਦੇ ਚੇਅਰਮੈਨ ਡਾ. ਹਰਪਾਲ ਸਿੰਘ ਨੇ ਸਮਾਰੋਹ ਦੌਰਾਨ ਮੌਜੂਦ ਸਭਨਾਂ ਨੂੰ ਜੀਅ ਆਇਆ ਕਿਹਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਚੀਫ਼ ਪੈਟਰਨ ਸੇਵਾ ਮੁਕਤ ਨਾਇਬ ਤਹਿਸੀਲਦਾਰ ਮੈਡਮ ਹੀਰਾਵਤੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਮੂਹ ਟਰੱਸਟ ਮੈਂਬਰਾਂ ਦੀ ਜਾਣ-ਪਛਾਣ ਕਰਵਾਈ ਤੇ ਉਨ੍ਹਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਚਾਨਣਾ ਪਾਇਆ। ਟਰੱਸਟ ਦੇ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਨੇ ਟਰੱਸਟ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਟਰੱਸਟ ਦੇ ਲੀਗਲ ਐਡਵਾਈਜ਼ਰ ਸੀਨੀਅਰ ਐਡਵੋਕੇਟ ਪ੍ਰਦੀਪ ਸਿੰਘ ਅਟਵਾਲ ਨੇ ਟਰੱਸਟ ਮੈਂਬਰਾਂ ਨੂੰ ਆਪਣੇ ਵੱਲੋਂ ਕਾਨੂੰਨੀ ਸੇਵਾਵਾਂ ਮੁਫਤ ਦੇਣ ਦਾ ਐਲਾਨ ਕੀਤਾ। ਸੰਸਥਾ ਦੇ ਮੁੱਖ ਸਲਾਹਕਾਰ ਸ੍ਰੀ ਕ੍ਰਿਸ਼ਨ ਆਰ.ਏ. ਅਤੇ ਸੀਨੀਅਰ ਮੈਂਬਰ ਨਿਰਮਲ ਸਿੰਘ ਸੰਧੂ (ਸੇਵਾ ਮੁਕਤ ਮੈਨੇਜਰ) ਨੇ ਸਮਾਰੋਹ ਦੌਰਾਨ ਸਮੂਹ ਮੈਂਬਰਾਂ ਨੂੰ ਚਾਹ ਪਾਣੀ ਵਰਤਾਉਣ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ। ਸਮਾਰੋਹ ਦੌਰਾਨ ਆਪਣੇ ਸੰਬੋਧਨ ਵਿੱਚ ਜਿਲ੍ਹਾ ਪ੍ਰਧਾਨ ਸ੍ਰੀ ਭੋਲਾ ਨੇ ਸਨਮਾਨਿਤ ਕੀਤੀਆਂ ਗੀਆਂ ਬੀਬੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ। ਸਨਮਾਨ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਪ੍ਰਤਿਭਾਸ਼ਾਲੀ ਔਰਤਾਂ ਦੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

ਪ੍ਰੈਸ ਨਾਲ ਉਕਤ ਜਾਣਕਾਰੀ ਸਾਂਝੀ ਕਰਦੇ ਹੋਏ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਨੇ ਦੱਸਿਆ ਕਿ ਸਮਾਰੋਹ ਦੌਰਾਨ ਵਧੀਆ ਸਮਾਜ ਸੇਵਾ ਲਈ ਹੀਰਾਵਤੀ, ਮੰਜੂ ਸੁਖੀਜਾ, ਪਰਮਜੀਤ ਕੌਰ ਕੰਮੇਆਣਾ, ਮਨਜੀਤ ਕੌਰ ਅਤੇ ਨਰਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਸਿੱਖਿਆ ਨੂੰ ਵਧੀਆ ਢੰਗ ਨਾਲ ਵਿਦਿਆਰਥੀਆਂ ਕੋਲ ਪਹੁੰਚਾਉਣ ਅਤੇ ਵਧੀਆ ਸਕੂਲ ਪ੍ਰਬੰਧਾਂ ਲਈ ਨਿਰਮਲਜੀਤ ਕੌਰ ਸੈਂਟਰ ਹੈੱਡ ਟੀਚਰ, ਪ੍ਰੇਮ ਲਤਾ ਹੈੱਡ ਟੀਚਰ, ਸ਼ੈਲਜਾ ਅਤੇ ਅਮਨਜੋਤ ਕੌਰ (ਦੋਵੇਂ ਈ.ਟੀ.ਟੀ. ਟੀਚਰ) ਦੀ ਵੀ ਹੌਂਸਲਾ ਅਫਜਾਈ ਕੀਤੀ ਗਈ। ਇਸ ਤੋਂ ਇਲਾਵਾ ਯੋਗਾ ਨੂੰ ਘਰ-ਘਰ ਪਹੁੰਚਾਉਣ ਵਾਲੀ ਪਤੰਜਲੀ ਯੋਗ ਸੰਮਤੀ ਦੀ ਜਿਲ੍ਹਾ ਪ੍ਰਧਾਨ ਗੀਤਾ ਗੇਰਾ ਅਤੇ ਯੋਗਾ ਟੀਚਰ ਕਮਲਾ ਚੋਪੜਾ ਦਾ ਵੀ ਮਾਣ-ਤਾਣ ਕੀਤਾ ਗਿਆ। ਧਰਮ ਪ੍ਰਚਾਰਕ ਬੀਬੀਆਂ ਜਸਵਿੰਦਰ ਕੌਰ ਅਤੇ ਪਰਮਿੰਦਰ ਕੌਰ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕੀਤੀਆਂ ਗਈਆਂ ਸਾਰੀਆਂ 13 ਪ੍ਰਤਿਭਾਸ਼ਾਲੀ ਔਰਤਾਂ ਨੂੰ ਟਰੱਸਟ ਸੰਸਥਾਪਕ ਸ੍ਰੀ ਢੋਸੀਵਾਲ ਅਤੇ ਸਮੁੱਚੀ ਟੀਮ ਵੱਲੋਂ ਸ਼ਾਨਦਾਰ ਮੋਮੈਂਟੋ ਭੇਂਟ ਕੀਤੇ ਗਏ। ਇਸ ਮੌਕੇ ਸ੍ਰੀ ਢੋਸੀਵਾਲ ਨੇ ਕਿਹਾ ਕਿ ਪ੍ਰਤਿਭਾਸ਼ਾਲੀ ਔਰਤਾਂ ਸਮੁੱਚੇ ਸਮਾਜ ਦਾ ਗਹਿਣਾ ਅਤੇ ਮਾਰਗ ਦਰਸ਼ਕ ਹੁੰਦੀਆਂ ਹਨ। ਸਮਾਰੋਹ ਦੌਰਾਨ ਫੰਕਸ਼ਨ ਅਤੇ ਟਰੱਸਟ ਬਾਰੇ ਫੀਡ ਬੈਕ ਦਿੰਦੇ ਹੋਏ ਵੇਰਕਾ ਮਿਲਾਕ ਫੈੱਡ 'ਚੋਂ ਸੇਵਾ ਮੁਕਤ ਅਧਿਕਾਰੀ ਮਨਜੀਤ ਸਿੰਘ, ਰਾਜੀਵ ਮਹਿਤਾ ਬੀ.ਆਰ.ਸੀ, ਛਿੰਦਰਪਾਲ ਸਿੰਘ ਸਿੱਖਿਆ ਸ਼ਾਸਤਰੀ ਤੇ ਸਮਾਜ ਸੇਵਿਕਾ ਕੌਸ਼ਲਿਆ ਦੇਵੀ ਸਮੇਤ ਸਾਰਿਆਂ ਨੇ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਸ੍ਰੀ ਢੋਸੀਵਾਲ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਅੱਜ ਦੇ ਸਮਾਗਮ ਦੌਰਾਨ ਪ੍ਰੋ. ਵੰਦਨਾ ਢੋਸੀਵਾਲ, ਮਾਧਵ, ਗੋਵਿੰਦ, ਸੁਰਿੰਦਰ ਕੌਰ, ਜਸਬੀਰ ਕੌਰ, ਅਵਰਾਜ, ਅਵਿਤੋਜ, ਵਿਜੇ ਕੁਮਾਰੀ, ਪ੍ਰੀਸ਼ੀਅਸ, ਰਮੇਸ਼ ਕੁਮਾਰ, ਮਮਤਾ, ਬਲਜਿੰਦਰ ਸਿੰਘ, ਪੰਕਜ ਅਤੇ ਪ੍ਰਕਾਸ਼ ਸਿੰਘ ਸਮੇਤ ਕਈ ਹੋਰ ਪ੍ਰਮੁੱਖ ਸਖ਼ਸ਼ੀਅਤਾਂ ਮੌਜੂਦ ਸਨ। ਸਮਾਰੋਹ ਦੀ ਸਮਾਪਤੀ ਉਪਰੰਤ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

# ਓਬੀਸੀ ਸੈੱਲ ਦੇ ਚੇਅਰਮੈਨ ਬਣਨ ਤੋਂ ਬਾਅਦ ਪਹਿਲੀ ਵਾਰ ਕਾਠਗੜ੍ਹ ਮੋੜ ਪੁੱਜੇ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ, ਨੌਜਵਾਨਾਂ ਵੱਲੋਂ ਭਰਵਾਂ ਸਵਾਗਤ, 'ਪੰਜਾਬ ਬਚਾਓ' ਦਾ ਦਿੱਤਾ ਹੋਕਾ

**ਨਵਾਂਸ਼ਹਿਰ /ਕਾਠਗੜ੍ਹ, 26 ਜੂਨ (ਜਤਿੰਦਰ ਪਾਲ ਸਿੰਘ ਕਲੇਰ):**
ਕਾਂਗਰਸ ਵੱਲੋਂ ਪੰਜਾਬ ਓਬੀਸੀ ਸੈੱਲ ਪੰਜਾਬ ਦੇ ਨਵ-ਨਿਯੁਕਤ ਚੇਅਰਮੈਨ ਅਤੇ ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ ਨਵਾਂਸ਼ਹਿਰ ਦੇ ਚੇਅਰਮੈਨ ਬਣਨ ਤੋਂ ਬਾਅਦ ਪਹਿਲੀ ਵਾਰ ਇਲਾਕੇ ਵਿੱਚ ਪਹੁੰਚਣ 'ਤੇ ਕਾਠਗੜ੍ਹ ਮੋੜ ਸਥਿਤ ਚੌਧਰੀ ਸਵੀਟਸ ਵਿਖੇ ਕਾਂਗਰਸੀ ਆਗੂਆਂ ਅਤੇ ਇਲਾਕੇ ਦੇ ਨੌਜਵਾਨਾਂ ਵੱਲੋਂ ਉਚੇਚੇ ਤੌਰ 'ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਇਕੱਤਰ ਹੋਏ ਯੂਥ ਵਰਕਰਾਂ ਵੱਲੋਂ ਸਾਬਕਾ ਵਿਧਾਇਕ ਅੰਗਦ ਸੈਣੀ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਿਰੋਪਾਓ ਪਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਪਾਰਟੀ ਵਿੱਚ ਨਵੇਂ ਬਣੇ ਅਹੁਦੇਦਾਰਾਂ ਪੰਕਜ ਚੌਧਰੀ ਅਤੇ ਫਰਹੀਨ ਚੌਧਰੀ ਦਾ ਵੀ ਮੂੰਹ ਮਿੱਠਾ ਕਰਵਾ ਕੇ ਸਾਰਿਆਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਾਬਕਾ ਵਿਧਾਇਕ ਅੰਗਦ ਸੈਣੀ ਨੇ ਨੌਜਵਾਨਾਂ ਵਿੱਚ ਨਵਾਂ ਜੋਸ਼ ਭਰਦਿਆਂ ਆਖਿਆ ਕਿ ਸਾਰੀ ਓਬੀਸੀ ਬੈਲਟ ਪਾਰਟੀ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਤਕੜੇ ਹੋ ਕੇ ਤਿਆਰੀ ਵਿੱਢ ਦਿੱਤੀ ਜਾਵੇ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਅੱਗੇ ਆਉਣ ਦਾ ਸੱਦਾ ਦਿੰਦਿਆਂ 'ਪੰਜਾਬ ਬਚਾਓ' ਦਾ ਹੋਕਾ ਦਿੱਤਾ ਅਤੇ ਕਿਹਾ ਕਿ ਯੂਥ ਆਪਣਾ ਵਰਕ ਡਟ ਕੇ ਕਰੇ, ਪਾਰਟੀ ਵਿੱਚ ਹਰ ਮਿਹਨਤੀ ਵਰਕਰ ਦਾ ਪੂਰਾ ਮਾਣ-ਸਤਿਕਾਰ ਯਕੀਨੀ ਬਣਾਇਆ ਜਾਵੇਗਾ।
ਇਸ ਮਿਲਣੀ ਦੌਰਾਨ ਹਾਜ਼ਰ ਸੀਨੀਅਰ ਕਾਂਗਰਸੀ ਆਗੂ ਜਸਵਿੰਦਰ ਸਿੰਘ ਵਿੱਕੀ ਕਾਠਗੜ੍ਹ ਨੇ ਚੇਅਰਮੈਨ ਅੰਗਦ ਸੈਣੀ ਦਾ ਕਾਠਗੜ੍ਹ ਪੁੱਜਣ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਮੂੰਹ ਮਿੱਠਾ ਕਰਵਾਇਆ ਅਤੇ ਭਰੋਸਾ ਦਿਵਾਇਆ ਕਿ ਸਮੁੱਚਾ ਨੌਜਵਾਨ ਵਰਗ ਅਤੇ ਇਲ-ਾਕੇ ਦੇ ਲੋਕ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਦਿਨ-ਰਾਤ ਇੱਕ ਕਰ ਦੇਣਗੇ। ਵਰਕਰਾਂ ਨੇ ਦੱਸਿਆ ਕਿ ਅੰਗਦ ਸੈਣੀ ਦੇ ਓਬੀਸੀ ਸੈੱਲ ਦੇ ਚੇਅਰਮੈਨ ਬਣਨ ਨਾਲ ਇਲਾਕੇ ਦੇ ਨੌਜਵਾਨਾਂ ਅਤੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਆਉਂਦੇ ਦਿਨਾਂ ਵਿੱਚ ਪਿੰਡ ਵਿਖੇ ਇੱਕ ਵੱਡਾ ਪ੍ਰੋਗਰਾਮ ਉਲੀਕ ਕੇ ਉਨ੍ਹਾਂ ਦਾ ਸਨਮਾਨ ਅਤੇ ਧੰਨਵਾਦ ਕੀਤਾ ਜਾਵੇਗਾ। ਇਸ ਭਰਵੇਂ ਸਵਾਗਤੀ ਪ੍ਰੋਗਰਾਮ ਮੌਕੇ ਜਸਵਿੰਦਰ ਵਿੱਕੀ ਕਾਠਗੜ੍ਹ, ਪੰਕਜ ਚੌਧਰੀ, ਫਰਹੀਨ ਚੌਧਰੀ, ਮਨੀਸ਼ ਚੌਧਰੀ (ਚੌਧਰੀ ਸਵੀਟਸ ਕਾਠਗੜ੍ਹ ਮੋੜ) , ਅਨੀਸ਼ ਚੌਧਰੀ, ਪੈਨੀ ਰੱਤੇਵਾਲ, ਚੀਮਾ ਟੈਲੀਕੋਮ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਇਲਾਕੇ ਦੇ ਮੋਹਤਬਰ ਨੌਜਵਾਨ ਹਾਜ਼ਰ ਸਨ।



**ਅੰਗਦ ਸਿੰਘ ਸੈਣੀ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਸੀਨੀਅਰ ਕਾਂਗਰਸੀ ਆਗੂ ਵਿੱਕੀ ਚੋਧਰੀ ਕਾਠਗੜ੍ਹ ਅਤੇ ਹੋਰ ਵਰਕਰ ਤੇ ਆਗੂ ਵੀ ਹਾਜ਼ਰ। ਤਸਵੀਰ ਹਰਸਿਮਰਨ ਜੋਤ ਸਿੰਘ ਕਲੇਰ**

# ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਜੁਝਾਰ ਸਿੰਘ ਸੇਠੀ ਦੀ ਮਾਤਾ ਨੂੰ ਭੋਗ ਸਮਾਗਮ ਦੌਰਾਨ ਭਾਵ ਭਿੰਨੀ ਸ਼ਰਧਾਂਜਲੀ

**ਨਵਾਸ਼ਹਿਰ /ਕਾਠਗੜ੍ਹ 26 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਜੁਝਾਰ ਸਿੰਘ ਸੇਠੀ ਦੀ ਮਾਤਾ ਸਵਰਗੀ ਬੀਬੀ ਬਲਵੀਰ ਕੌਰ ਜੋ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਨਮਿਤ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਉਹਨਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ, ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਪਿੰਡ ਭਰਥਲਾ ਵਿਖੇ ਕੀਤੀ ਗਈ। ਸਮਾਗਮ ਦੌਰਾਨ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਿਆਸੀ ਸ਼ਖਸੀਅਤਾਂ ਨੇ ਸ਼ਾਮਲ ਹੋ ਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸਮਾਗਮ ਦੌਰਾਨ ਗੁਰਦੁਆਰਾ ਸਾਹਿਬ, ਪਿੰਡ ਭਰਥਲਾ ਵਿਖੇ ਗੁਰਬਾਣੀ ਕੀਰਤਨ ਉਪਰੰਤ ਅੰਤਿਮ ਅਰਦਾਸ ਕੀਤੀ ਗਈ।

ਇਸ ਮੌਕੇ ਹਾਜ਼ਰ ਆਗੂਆਂ ਨੇ ਕਿਹਾ ਕਿ ਮਾਂ ਦਾ ਰੁਤਬਾ ਸੰਸਾਰ ਵਿੱਚ ਸਭ ਤੋਂ ਉੱਚਾ ਹੁੰਦਾ ਹੈ। ਮਾਂ ਆਪਣੇ ਬੱਚਿਆਂ ਲਈ ਹਰ ਤਰ੍ਹਾਂ ਦਾ ਦੁੱਖ ਸਹਾਰ ਕੇ ਉਨ੍ਹਾਂ ਦੀ ਪਰਵਰਿਸ਼ ਕਰਦੀ ਹੈ ਅਤੇ ਮਾਂ ਦਾ ਵਿਛੋੜਾ ਜੀਵਨ ਦਾ ਸਭ ਤੋਂ ਵੱਡਾ ਦੁੱਖ ਹੁੰਦਾ ਹੈ।

ਇਸ ਮੌਕੇ ਗੁਰਬਖਸ਼ ਸਿੰਘ ਖਾਲਸਾ, ਮੈਂਬਰ ਐੱਸ.ਜੀ.ਪੀ.ਸੀ. ਅਤੇ ਮੁੱਖ ਬੁਲਾਰੇ ਨੇ ਕਿਹਾ ਕਿ ਮਾਂ ਦਾ ਸਥਾਨ ਕੋਈ ਵੀ ਨਹੀਂ ਲੈ ਸਕਦਾ ਅਤੇ ਉਸ ਦੀ ਮਮਤਾ ਸਦਾ ਯਾਦ ਰਹਿੰਦੀ ਹੈ।



ਅਸ਼ੋਕ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਰਿਵਾਰ ਦੀ ਨੀਂਹ ਮਾਂ ਹੁੰਦੀ ਹੈ ਅਤੇ ਉਸ ਦਾ ਸਨੇਹ ਪਰਿਵਾਰ ਨੂੰ ਜੋੜ ਕੇ ਰੱਖਦਾ ਹੈ।

ਇਸ ਮੌਕੇ ਬ੍ਰਿਗੇਡੀਅਰ ਰਾਜ ਕੁਮਾਰ ਅਤੇ ਰਿਟਾਇਰਡ ਡੀ.ਐੱਸ.ਪੀ. ਸਤਨਾਮ ਸਿੰਘ ਰਾਜੂ ਮਾਜਰਾ ਨੇ ਵੀ ਸਵਰਗੀ ਬੀਬੀ ਬਲਵੀਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਭਾਵੇਂ "ਮਾਂ" ਸ਼ਬਦ ਛੋਟਾ ਹੈ, ਪਰ ਇਸ ਦਾ ਮਹੱਤਵ ਬਹੁਤ ਵਿਸ਼ਾਲ ਹੈ। ਉਨ੍ਹਾਂ ਕਿਹਾ ਕਿ ਮਾਂ ਦਾ ਪਿਆਰ, ਤਿਆਗ ਅਤੇ ਅਸੀਸ ਸਦਾ ਬੱਚਿਆਂ ਦੇ ਜੀਵਨ ਦਾ ਸਭ ਤੋਂ ਵੱਡਾ ਸਹਾਰਾ ਬਣੇ ਰਹਿੰਦੇ ਹਨ।

ਇਸ ਮੌਕੇ ਤਰਲੋਚਨ ਸਿੰਘ ਰੱਕੜ ਨੇ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ, ਇਸ ਸਮਾਗਮ ਦੌਰਾਨ ਅਵਤਾਰ ਸਿੰਘ ਭੋਲਾ ਨੀਲੋਵਾੜੇ, ਮਾਸਟਰ ਨਿਰਮਲ ਸਿੰਘ, ਕਮਲ ਬਾਂਠ ਨੀਲੋਵਾੜੇ, ਬਗੀਚਾ ਸਿੰਘ ਰੱਕੜ, ਨੰਬਰਦਾਰ ਭਗਤ ਸਿੰਘ, ਚਰਨਜੀਤ ਸਿੰਘ ਕਿਸ਼ਨਪੁਰ,ਹਰਕੰਵਲ ਸਿੰਘ ਕੌਲਗੜ੍ਹ, ਅਜਮੇਰ ਸਿੰਘ ਰੱਕੜ, ਜਗਜੀਤ ਸਿੰਘ ਗਿੱਲ, ਸੁਖਦੇਵ ਸਿੰਘ ਬਿੱਟੂ, ਦਲਜੀਤ ਸਿੰਘ ਮਾਣੇਵਾਲ, ਮਨਜਿੰਦਰ ਸਿੰਘ ਗਿੱਲ, ਸੋਹਣ ਸਿੰਘ, ਸਤਨਾਮ ਸਿੰਘ ਸਹੋਤਾ, ਹਰਦੀਪ ਸਿੰਘ ਕਲਮ ਗਹੂੰਣ, ਹਰਭਜਨ ਸਿੰਘ ਹੀਰ, ਪ੍ਰਧਾਨ ਟਰੱਕ ਯੂਨੀਅਨ ਸ਼ਾਮਾ ਮਹਿਰ ਸਮੇਤ ਵੱਡੀ ਗਿਣਤੀ ਵਿੱਚ ਵੱਖ ਵੱਖ ਸਖਸ਼ੀਅਤਾਂ ਹਾਜ਼ਰ ਸਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਰਜੀਤ ਸਿੰਘ ਦੋਬਾਲੀ ਨੇ ਨਿਭਾਈ।

# ਵੋਟਾਂ ਨੇੜੇ ਆਪ ਸਰਕਾਰ ਨੂੰ ਯਾਦ ਆਇਆ ਸਰਪੰਚਾਂ ਨੂੰ ਭੱਤਾ ਦੇਣਾ: ਹਨੀ ਟੌਂਸਾ

## ਪੰਚਾਂ ਨੂੰ ਵੀ ਮਾਸਿਕ ਭੱਤਾ ਮਿਲਣਾ/ਚਾਹੀਦਾ ਹੈ

ਬਲਾਚੌਰ 27 ਜੂਨ (ਜਤਿੰਦਰ ਪਾਲ ਸਿੰਘ ਕਲੇਰ ) ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਬਲਾਚੌਰ ਸੰਦੀਪ ਚੋਧਰੀ (ਹਨੀ ਟੌਂਸਾ ) ਨੇ ਕਾਠਗੜ੍ਹ ਵਿਖੇ ਅਜੀਤ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਬੜੀ ਹਾਸੋਹੀਣੀ ਅਤੇ ਹੈਰਾਨੀ ਵਾਲੀ ਗੱਲ ਹੈ ਕਿ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਮਾਨ ਸਰਕਾਰ ਨੇ ਸਹੂਲਤਾਂ ਤੋਹਫ਼ਿਆਂ ਅਤੇ ਰਿਓੜੀਆਂ ਵੰਡਣ ਦੀ ਝੜੀ ਲਗਾ ਦਿੱਤੀ ਹੈ ਜਿਵੇਂ ਕਿ ਪੌਣੇ ਪੰਜ ਸਾਲਾਂ ਤੋਂ ਮੈਨੀਫੈਸਟੋ ਵਿੱਚ ਐਲਾਨਿਆ/ਰੁਕਿਆ ਹੋਇਆ ਔਰਤਾਂ ਦਾ ਮਹੀਨਾਵਾਰ 1000/1500 ਰੁਪਏ ਦਾ ਭੱਤਾ ਦੇਣਾ ਲਿੰਕ ਸੜਕਾਂ ਨੂੰ ਤੁਰੰਤ ਬਣਾਉਣ ਅਤੇ ਰਾਸ਼ਨ ਦੀਆਂ ਫ੍ਰੀ ਕਿੱਟਾਂ ਆਦਿ ਦੇਣਾ ਸਰਕਾਰ ਨੂੰ ਹੁਣ ਯਾਦ ਆਇਆ ਹੈ ਹੁਣ ਸਰਪੰਚਾਂ ਨੂੰ 10,000 ਰੁਪਏ ਮਹੀਨਾ ਦੇਣ ਦਾ ਐਲਾਨ ਕਰਨਾ ਇੱਕ ਚੋਣ



ਸਟੰਟ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਸੂਤਰਾਂ ਮੁਤਾਬਕ ਇਸ ਤੋਂ ਪਹਿਲਾਂ ਸੂਬੇ ਵਿੱਚ ਸਰਪੰਚਾਂ ਨੂੰ ਮਹੀਨਾਵਾਰ ਭੱਤਾ ਸਿਰਫ਼ 1,200 ਰੁਪਏ ਸੀ ਪਰ ਉਹ ਵੀ ਕਦੇ ਮਿਲਿਆ ਨਹੀਂ ਆਖ਼ਰਕਾਰ ਕੁਝ ਸਮਾਂ ਪਹਿਲਾਂ ਜਦੋਂ ਪੰਚਾਇਤ ਯੂਨੀਅਨ ਹਾਈਕੋਰਟ ਗਈ, ਤਾਂ ਅਦਾਲਤ ਦੇ ਫ਼ੈਸਲੇ ਅਨੁਸਾਰ ਸਰਕਾਰ ਨੇ ਹੁਕਮ ਜਾਰੀ ਕੀਤੇ ਕਿ ਜਿਹੜੀਆਂ ਪੰਚਾਇਤਾਂ ਕੋਲ ਆਪਣਾ ਫੰਡ ਜਾਂ ਆਮਦਨ ਦਾ ਸਾਧਨ ਹੈ ਉਹ ਇਹ ਭੱਤਾ ਉੱਥੋਂ ਲੈ ਸਕਦੀਆਂ ਹਨ ਪਰ ਹਕੀਕਤ ਇਹ ਹੈ ਕਿ ਅੱਜ ਤੱਕ ਵੀ ਬਹੁਤੇ ਸਰਪੰਚਾਂ ਨੂੰ ਇਹ ਮਾਣ-ਭੱਤਾ ਨਸੀਬ ਨਹੀਂ ਹੋਇਆ ਹਨੀ ਟੌਂਸਾ ਨੇ ਜ਼ੋਰ ਦਿੰਦਿਆਂ ਸਰਕਾਰ ਨੂੰ ਪੁੱਛਿਆ ਕਿ ਹੁਣ 10,000 ਰੁਪਏ ਪ੍ਰਤੀ ਮਹੀਨਾ ਦੇਣ ਲਈ ਸਰਕਾਰ ਕੋਲ ਫੰਡ ਕਿੱਥੋਂ ਆਉਣਗੇ (ਜਦੋਂ ਕਿ ਬੇਮਿਸਾਲ ਕਰਜ਼ਈ ਸਰਕਾਰ ਕਰਜ਼ੇ ਤੇ ਕਰਜ਼ਾ ਲੈ ਰਹੀ ਹੈ) ਇਸ ਦੇ ਨਾਲ ਹੀ ਇਸ ਐਲਾਨ ਵਿੱਚ ਪੰਚਾਂ ਨੂੰ ਕਿਉਂ ਛੱਡ ਦਿੱਤਾ ਗਿਆ ਉਨ੍ਹਾਂ ਨਾਲ ਇਹ ਵਿਤਕਰਾ ਕਿਉਂ ਕਿਉਂਕਿ ਉਹ ਵੀ ਪਿੰਡ ਦੇ ਚੁਣੇ ਹੋਏ ਨੁਮਾਇੰਦੇ ਹਨ ਹਨੀ ਟੌਂਸਾ ਨੇ ਕਿਹਾ ਕਿ ਮੈਂ ਸਮਝਦਾ ਹਾਂ

ਕਿ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਸਰਕਾਰ ਨੂੰ ਸਰਪੰਚਾਂ ਨੂੰ ਘੱਟੋ-ਘੱਟ 20,000 ਰੁਪਏ ਪ੍ਰਤੀ ਮਹੀਨਾ ਅਤੇ ਪੰਚਾਂ ਨੂੰ 10,000 ਰੁਪਏ ਪ੍ਰਤੀ ਮਹੀਨਾ ਭੱਤਾ ਦੇਣਾ ਬਣਦਾ ਹੈ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿਉਂਕਿ ਪਹਿਲਾਂ ਵਾਂਗ ਆਪ ਵਲੋਂ ਮੈਨੀਫੈਸਟੋ ਵਿੱਚ ਕੀਤੇ ਗਏ ਐਲਾਨ ਤੋਂ ਸ਼ਰਮਿੰਦਾ ਹੋ ਕੇ ਸਰਕਾਰ ਚੋਣਾਂ ਤੋਂ ਪਹਿਲਾਂ ਲੀਪਾ ਪੋਚੀ ਕਰਨੀ ਚਾਹੁੰਦੀ ਹੈ ਪਰ ਅੱਜ ਦਾ ਵੋਟਰ ਬਹੁਤ ਸਿਆਣਾ ਹੋ ਚੁੱਕਿਆ ਹੈ ਅਤੇ ਪੰਜਾਬ ਵਿੱਚ ਚੱਲ ਰਹੇ ਜੰਗਲ-ਰਾਜ ਨੂੰ ਖਤਮ ਕਰਨਾ ਚਾਹੁੰਦਾ ਹੈ।ਪਰ ਇਹ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਦੀ ਸਰਕਾਰ ਨੂੰ ਬਾਹਰ ਵਾਲਾ ਰਸਤਾ ਦਿਖਾਉਣ ਲਈ ਸਮੇਂ ਦੀ ਉਡੀਕ ਕਰ ਰਹੇ ਹਨ।

# ਵਾਰਡ ਨੰਬਰ 26 ਦੇ ਵੋਟਰਾਂ ਦਾ ਵੱਡਾ ਦਾਅਵਾ ਇਸ ਵਾਰ ਭਾਜਪਾ ਉਮੀਦਵਾਰ ਨੂੰ ਮਿਲੇਗੀ ਕਰਾਰੀ ਹਾਰ !

**ਹੁਸ਼ਿਆਰਪੁਰ,26 ਜੂਨ (ਤਰਸੇਮ ਦੀਵਾਨਾ ) -** ਸਥਾਨਕ ਵਾਰਡ ਨੰਬਰ 26 ਦੇ ਵੋਟਰਾਂ ਨੇ ਇੱਕ ਅਹਿਮ ਬੈਠਕ ਕੀਤੀ , ਜਿਸ ਵਿੱਚ ਚੋਣਾਂ ਨੂੰ ਲੈ ਕੇ ਚਰਚਾ ਕੀਤੀ ਗਈ। ਇਸ ਦੌਰਾਨ ਵਾਰਡ ਦੇ ਵੋਟਰਾਂ ਨੇ ਭਾਜਪਾ ਪ੍ਰਤੀ ਭਾਰੀ ਨਾਰਾਜ਼ਗੀ ਜ਼ਾਹਰ ਕਰਦਿਆਂ ਵੱਡਾ ਦਾਅਵਾ ਕੀਤਾ ਹੈ ਕਿ ਇਸ ਵਾਰ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ।

ਵਿਕਾਸ ਕਾਰਜਾਂ ਦੀ ਘਾਟ ਅਤੇ ਅਣਦੇਖੀ ਤੋਂ ਲੋਕ ਪ੍ਰੇਸ਼ਾਨ :

ਵਾਰਡ ਨੰਬਰ 26 ਦੇ ਸੂਝਵਾਨ ਵੋਟਰਾਂ ਨੇ ਗੱਲਬਾਤ ਕਰਦਿਆਂ ਆਖਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਸ ਇਲਾਕੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਵਾਰਡ ਵਿੱਚ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਹੈ, ਜਿਸ ਕਾਰਨ ਨਿਵਾਸੀਆਂ ਵਿੱਚ ਮੌਜੂਦਾ ਲੀਡਰਸ਼ਿਪ ਅਤੇ ਭਾਜਪਾ ਪ੍ਰਤੀ ਸਖ਼ਤ ਰੋਸ ਪਾਇਆ ਜਾ ਰਿਹਾ ਹੈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਚੋਣਾਂ ਵੇਲੇ ਵੱਡੇ-ਵੱਡੇ ਵਾਅਦੇ ਕਰਨ ਵਾਲੇ ਆਗੂ ਜਿੱਤਣ ਤੋਂ ਬਾਅਦ ਵਾਰਡ ਦੀ ਸਾਰ ਲੈਣਾ ਵੀ ਮੁਨਾਸਿਬ ਨਹੀਂ ਸਮਝਦੇ।

**ਬਦਲਾਅ ਦੇ ਮੂਡ ਵਿੱਚ ਵਾਰਡ ਨਿਵਾਸੀ :**

ਵੋਟਰਾਂ ਨੇ ਇੱਕਸੁਰ ਹੁੰਦਿਆਂ ਕਿਹਾ ਕਿ ਹੁਣ ਵਾਰਡ ਦੇ ਲੋਕ ਜਾਗਰੂਕ ਹੋ ਚੁੱਕੇ ਹਨ ਅਤੇ ਉਹ ਸਿਰਫ਼ ਖੋਖਲੇ ਵਾਅਦਿਆਂ 'ਤੇ ਯਕੀਨ ਨਹੀਂ ਕਰਨਗੇ। ਇਸ ਵਾਰ ਵਾਰਡ ਨੰਬਰ 26 ਦੇ ਸਮੂਹ ਵੋਟਰ ਇੱਕਜੁੱਟ ਹੋ ਕੇ ਵੋਟ ਦੀ ਸਹੀ ਵਰਤੋਂ ਕਰਨਗੇ ਅਤੇ ਵਿਕਾਸ ਵਿਰੋਧੀ ਤਾਕਤਾਂ ਨੂੰ ਚਲਦਾ ਕਰਨਗੇ। ਵੋਟਰਾਂ ਦੇ ਮੌਜੂਦਾ ਰੁਖ਼ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਇਸ ਵਾਰ ਭਾਜਪਾ ਉਮੀਦਵਾਰ ਲਈ ਆਪਣੀ ਸੀਟ ਬਚਾਉਣੀ ਬੇਹੱਦ ਮੁਸ਼ਕਿਲ ਹੋਵੇਗੀ ਅਤੇ ਉਸ ਨੂੰ ਇਤਿਹਾਸਕ ਹਾਰ ਦਾ ਸਾਹਮਣਾ ਕਰਨਾ ਪਵੇਗਾ।

# ਮਨੁੱਖ ਜਦੋਂ ਪੈਦਾ ਹੁੰਦਾ ਹੈ ਤਾਂ ਮੌਤ ਦਾ ਦਿਨ ਵੀ ਨਾਲ ਹੀ ਤੈਅ ਹੋ ਜਾਂਦਾ ਹੈ: ਵਰਿੰਦਰ ਕੌਰ ਥਾਦੀਂ ; ਭਾਜਪਾ ਆਗੂ ਗੌਰਵ ਵੈਦ ਦੇ ਪਿਤਾ ਮਹਿੰਦਰ ਪਾਲ ਵੈਦ ਨਿਮਿੱਤ ਅੰਤਿਮ ਅਰਦਾਸ ਅਤੇ ਸ਼ੋਕ ਸਭਾ ਕਰਵਾਈ






**ਨਵਾਂਸ਼ਹਿਰ /ਕਾਠਗੜ੍ਹ, 26 ਜੂਨ (ਜਤਿੰਦਰ ਪਾਲ ਸਿੰਘ ਕਲੇਰ):** ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਯੂਥ ਆਗੂ ਗੌਰਵ ਵੈਦ ਦੇ ਪਿਤਾ ਸਵਰਗੀ ਮਹਿੰਦਰ ਪਾਲ ਵੈਦ, ਜਿਨ੍ਹਾਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਦੀ ਆਤਮਿਕ ਸ਼ਾਂਤੀ ਲਈ ਪਰਿਵਾਰ ਵੱਲੋਂ ਸ੍ਰੀ ਗੁਰੂ ਪੁਰਾਣ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਉਨ੍ਹਾਂ ਨਿਮਿੱਤ ਹੋਈ ਅੰਤਿਮ ਅਰਦਾਸ ਮੌਕੇ ਇੱਕ ਵਿਸ਼ੇਸ਼ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਸ਼ੋਕ ਸਭਾ ਵਿੱਚ ਮੁੱਖ ਤੌਰ 'ਤੇ ਪਹੁੰਚੇ ਭਾਜਪਾ ਮਹਿਲਾ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਵਰਿੰਦਰ ਕੌਰ ਥਾਦੀਂ ਨੇ ਸਵਰਗੀ ਮਹਿੰਦਰ ਪਾਲ ਵੈਦ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਮਨੁੱਖ ਜਦੋਂ ਸੰਸਾਰ 'ਤੇ ਪੈਦਾਂ ਹੁੰਦਾ ਹੈ, ਤਾਂ ਉਸ ਦੀ ਮੌਤ ਦਾ ਦਿਨ ਅਤੇ ਸਮਾਂ ਵੀ ਉਸੇ ਵੇਲੇ ਤੈਅ ਹੋ ਜਾਂਦਾ ਹੈ। ਸੰਸਾਰ ਵਿੱਚ ਆਉਣ ਵਾਲੇ ਹਰ ਪ੍ਰਾਣੀ ਨੇ ਇੱਕ ਦਿਨ ਇੱਥੋਂ ਕੂਚ ਕਰਨਾ ਹੈ, ਪਰ ਨੇਕ ਇਨਸਾਨ ਆਪਣੇ ਚੰਗੇ ਕਰਮਾਂ ਕਰਕੇ ਹਮੇਸ਼ਾ ਯਾਦ ਰੱਖੇ ਜਾਂਦੇ ਹਨ।ਇਸ ਮੌਕੇ ਉਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਅਤੇ ਜ਼ਿਲ੍ਹਾ ਸਕੱਤਰ ਐਡਵੋਕੇਟ ਅਮਨ ਰਾਣਾ ਨੇ ਵੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਸ਼ੋਕ ਸਭਾ ਦੌਰਾਨ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਰਾਜਵਿੰਦਰ ਸਿੰਘ ਲੱਕੀ, ਚੇਅਰਮੈਨ ਸਤਨਾਮ ਜਲਾਲਪੁਰ, ਐਡਵੋਕੇਟ ਅਮਨ ਰਾਣਾ, ਪ੍ਰਿੰਸੀਪਲ ਪ੍ਰੇਮ ਪ੍ਰਕਾਸ਼ ਸ਼ਰਮਾ ਅਤੇ ਪ੍ਰਿੰਸੀਪਲ ਚਮਨ ਲਾਲ ਆਨੰਦ ਨੇ ਸਵਰਗੀ ਮਹਿੰਦਰ ਪਾਲ ਵੈਦ ਨੂੰ ਇੱਕ ਬਹੁਤ ਹੀ ਨੇਕ, ਧਾਰਮਿਕ ਅਤੇ ਪਵਿੱਤਰ ਰੂਹ ਦੱਸਿਆ। ਸ਼ਰਧਾਂਜਲੀ ਸਮਾਗਮ ਦੌਰਾਨ ਪੰਚ ਗੋਲਾ ਤੋਂ ਪਹੁੰਚੇ ਸੁਸ਼ਮਾ ਸ਼ਰਮਾ ਗਰੁੱਪ ਵੱਲੋਂ ਵੈਰਾਗਮਈ ਬਾਣੀ ਅਤੇ ਕੀਰਤਨ ਦਾ ਉਚਾਰਨ ਕੀਤਾ ਗਿਆ, ਜਿਸ ਦੇ ਰੂਹਾਨੀ ਪ੍ਰਵਾਹ ਨੇ ਉੱਥੇ ਮੌਜੂਦ ਸਮੂੱਚੀ ਸੰਗਤ ਨੂੰ ਖ਼ਾਮੋਸ਼ ਅਤੇ ਅੱਖਾਂ ਨਮ ਕਰ ਦਿੱਤੀਆਂ। ਇਸ ਦੁਖਦਾਈ ਸਮੇਂ ਪਰਿਵਾਰ ਨਾਲ ਹਮਦਰਦੀ ਜਤਾਉਣ ਲਈ ਮਾਰਕੀਟ ਪ੍ਰਧਾਨ ਰਾਜ ਕੁਮਾਰ ਆਨੰਦ, ਸਾਬਕਾ ਸਰਪੰਚ ਡਾਕਟਰ ਜੋਗਿੰਦਰ ਪਾਲ ਦੱਤ, ਸਾਬਕਾ ਸਰਪੰਚ ਸੁਭਾਸ਼ ਆਨੰਦ, ਡਾਕਟਰ ਰਾਕੇਸ਼ ਜੋਸ਼ੀ, ਨਰੇਸ਼ ਵਰਮਾ, ਨੰਦ ਕਿਸ਼ੋਰ, ਵਿਸ਼ਾਲ ਆਨੰਦ, ਰਕੇਸ਼ ਭਾਟੀਆ, ਸੂਰਜ ਖਟਾਣਾ (ਰਿਟਾਇਰਡ ਇੰਸਪੈਕਟਰ ਵਿਜੀਲੈਂਸ), ਰਕੇਸ਼ ਸ਼ਰਮਾ, ਰਾਘਵ ਭਾਰਤ, ਰਿੰਕਾ ਆਨੰਦ, ਰਾਜੇਸ਼ ਆਨੰਦ, ਬਬਲੂ ਆਨੰਦ, ਸਨੀ ਸ਼ਰਮਾ, ਜਸਵੀਰ ਜੱਸੀ, ਅਨੂ ਜੋਸ਼ੀ ਅਤੇ ਸੇਵਾਦਾਰ ਕਾਲੇ ਸ਼ਾਹ ਸਮੇਤ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ, ਜਿਨ੍ਹਾਂ ਨੇ ਪੀੜਤ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸਮਾਗਮ ਦੇ ਅਖੀਰ ਵਿੱਚ ਵੈਦ ਪਰਿਵਾਰ ਵੱਲੋਂ ਦੁੱਖ ਦੀ ਇਸ ਘੜੀ ਵਿੱਚ ਸ਼ਾਮਲ ਹੋਣ ਲਈ ਆਈਆਂ ਸਾਰੀਆਂ ਸ਼ਖ਼ਸੀਅਤਾਂ ਅਤੇ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਮਗਰੋਂ ਅਕਾਲੀ ਦਲ ਵੱਲੋਂ ਹੱਲਾਬੋਲ; ਬਲਾਚੌਰ 'ਚ ਸੀਐਮ ਮਾਨ ਦਾ ਪੁਤਲਾ ਫੂਕ ਕੇ 'ਮੁਕੰਮਲ ਬਾਈਕਾਟ' ਦਾ ਸੱਦਾ:ਹਨੀ ਟੌਂਸਾ



**ਬਲਾਚੌਰ, 26 ਜੂਨ (ਜਤਿੰਦਰਪਾਲ ਸਿੰਘ ਕਲੇਰ) :** ਸਿੱਖਾਂ ਦੀ ਸਰਵਉੱਚ ਧਾਰਮਿਕ ਅਤੇ ਸੰਵਿਧਾਨਕ ਸੰਸਥਾ 'ਸ੍ਰੀ ਅਕਾਲ ਤਖ਼ਤ ਸਾਹਿਬ' ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ 'ਪੰਥ ਦੋਖੀ', 'ਗੁਰੂ ਦ੍ਰੋਹੀ' ਅਤੇ 'ਸਿੱਖ ਵਿਰੋਧੀ' ਐਲਾਨੇ ਜਾਣ ਤੋਂ ਬਾਅਦ ਸਮੁੱਚੇ ਸਿੱਖ ਜਗਤ ਅਤੇ ਵੱਖ-ਵੱਖ ਵਰਗਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਰੋਸ ਦੇ ਚਲਦਿਆਂ ਅੱਜ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਹਲਕਾ ਇੰਚਾਰਜ ਸੰਦੀਪ ਚੌਧਰੀ (ਹਨੀ ਟੌਂਸਾ) ਅਤੇ ਗੁਰਬਖਸ਼ ਸਿੰਘ ਖਾਲਸਾ ਦੀ ਯੋਗ ਅਗਵਾਈ ਹੇਠ ਪਾਰਟੀ ਵਰਕਰਾਂ ਅਤੇ ਸੰਗਤਾਂ ਨੇ ਇਕੱਠੇ ਹੋ ਕੇ ਬਲਾਚੌਰ ਦੇ ਮੇਨ ਚੌਕ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਭੜਾਸ ਕੱਢੀ। ਇਸ ਮੌਕੇ ਇਕੱਤਰ ਹੋਏ ਭਾਰੀ ਇਕੱਠ ਵੱਲੋਂ "ਸ੍ਰੀ ਆਕਾਲ ਤਖਤ ਸਾਹਿਬ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ" ਦੇ ਅਕਾਸ਼ ਗੁੰਜਾਊ ਨਾਅਰੇ ਲਗਾਏ ਗਏ। ਦੂਜੇ ਪਾਸੇ, ਇਸੇ ਸੱਦੇ ਤਹਿਤ ਵੱਖ-ਵੱਖ ਹਲਕਿਆਂ ਵਿਖੇ ਵੀ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰਾਂ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਅਕਾਲੀ ਆਗੂਆਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਪਹਿਰਾ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦਾ ਮੁਕੰਮਲ ਸਮਾਜਿਕ ਅਤੇ ਸਿਆਸੀ ਬਾਈਕਾਟ ਕਰਨ ਅਤੇ ਉਨ੍ਹਾਂ ਨੂੰ ਮੂੰਹ ਨਾ ਲਗਾਉਣ। ਰੋਸ ਪ੍ਰਦਰਸ਼ਨ ਦੌਰਾਨ ਇਕੱਤਰ ਸੰਗਤ ਅਤੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਅਕਾਲੀ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ 'ਤੇ ਇੱਕ ਵਿਵਾਦਿਤ ਵੀਡੀਓ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਝੂਠ ਬੋਲਣ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਗੰਭੀਰ ਆਰੋਪ ਲੱਗੇ ਹਨ। ਫੋਰੈਂਸਿਕ ਜਾਂਚ ਵਿੱਚ ਵੀਡੀਓ ਸਹੀ ਪਾਏ ਜਾਣ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਵੱਲੋਂ ਉਨ੍ਹਾਂ ਨੂੰ 'ਗੁਰੂ ਦ੍ਰੋਹੀ' ਅਤੇ 'ਖ਼ਾਲਸਾ ਪੰਥ ਵਿਰੋਧੀ' ਕਰਾਰ ਦਿੱਤਾ ਗਿਆ ਹੈ, ਜਿਸ ਕਾਰਨ ਸੰਗਤਾਂ ਵਿੱਚ ਭਾਰੀ ਗੁੱਸਾ ਹੈ। ਅਕਾਲੀ ਆਗੂਆਂ ਨੇ ਸਖ਼ਤ ਲਫ਼ਜ਼ਾਂ ਵਿੱਚ ਆਖਿਆ ਕਿ ਭਗਵੰਤ ਮਾਨ ਨੇ ਮੁੱਖ ਮੰਤਰੀ ਦੇ ਜ਼ਿੰਮੇਵਾਰ ਅਹੁਦੇ 'ਤੇ ਰਹਿੰਦਿਆਂ ਗੁਰੂ ਘਰ ਦੀ ਗੋਲਕ ਬਾਰੇ ਮੰਦਭਾਗੀ ਬਿਆਨਬਾਜ਼ੀ ਕੀਤੀ ਅਤੇ ਸਿੱਖ ਮਰਿਆਦਾਵਾਂ ਨੂੰ ਤਾਰ-ਤਾਰ ਕੀਤਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪ੍ਰਦਰਸ਼ਨਕਾਰੀ ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਇਹ ਰੋਸ ਪ੍ਰਦਰਸ਼ਨ ਸਿਰਫ਼ ਅੱਜ ਤੱਕ ਹੀ ਸੀਮਤ ਨਹੀਂ ਰਹੇਗਾ। ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਜਥੇਬੰਦੀਆਂ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਕੋਨੇ-ਕੋਨੇ ਅਤੇ ਹਰ ਵਿਧਾਨ ਸਭਾ ਹਲਕੇ ਦੇ ਪਿੰਡ-ਪਿੰਡ ਵਿੱਚ ਵੱਡੇ ਇਕੱਠ ਕੀਤੇ ਜਾਣਗੇ। ਇਨ੍ਹਾਂ ਇਕੱਠਾਂ ਰਾਹੀਂ ਸੰਗਤਾਂ ਨੂੰ ਜਾਗਰੂਕ ਕੀਤਾ ਜਾਵੇਗਾ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਇੰਨ-ਬਿੰਨ ਲਾਗੂ ਕਰਦਿਆਂ ਮੌਜੂਦਾ ਸਰਕਾਰ ਅਤੇ ਭਗਵੰਤ ਮਾਨ ਦਾ ਪੂਰਨ ਬਾਈਕਾਟ ਯਕੀਨੀ ਬਣਾਇਆ ਜਾ ਸਕੇ।ਇਸ ਰੋਸ ਪ੍ਰਦਰਸ਼ਨ ਮੌਕੇ ਤਰਲੋਚਨ ਸਿੰਘ ਰੱਕੜ, ਸਤਨਾਮ ਸਿੰਘ (ਰਿਟਾਇਰ ਡੀਐਸਪੀ), ਗੁਰਪ੍ਰੀਤ ਗੁੱਜਰ, ਬਿਮਲ ਕੁਮਾਰ ਚੇਅਰਮੈਨ, ਦਲਜੀਤ ਸਿੰਘ ਮਾਣੇਵਾਲ, ਦਲਾਵਰ ਸਿੰਘ ਦਿੱਲੀ, ਮੋਹਨ ਸਿੰਘ ਟੱਪਰੀਆਂ, ਮਾਸਟਰ ਦੇਵ ਰਾਜ ਸੰਡਰੇਵਾਲ, ਸੁਰਜੀਤ ਕੁਮਾਰ ਕੋਹਲੀ, ਹਰਮੇਸ਼ ਲਾਲ ਸੰਡਰੇਵਾਲ, ਰਣਜੀਤ ਸਿੰਘ ਭੱਟੀ ਮੀਤ ਪ੍ਰਧਾਨ ਐਸ ਸੀ ਵਿੰਗ, ਸੁਖਦੇਵ ਸਿੰਘ ਰੱਕੜਾ ਢਾਹਾਂ, ਸੁਰਿੰਦਰ ਪਾਲ ਮਾਣੇਵਾਲ, ਰਾਣਾ ਰਣਦੀਪ ਕੌਸ਼ਲ, ਹਰਜਿੰਦਰ ਸਿੰਘ ਬਲਾਚੌਰ, ਪਵਨ ਕੁਮਾਰ ਕੁੱਕੜ ਸੂਹਾ, ਧਰਮਪਾਲ ਕੁੱਕੜ ਸੂਹਾ, ਹਨੀ ਜਾਡਲੀ, ਅਜਮੇਰ ਸਿੰਘ ਭਾਰਾਪੁਰ, ਹਰਨੇਕ ਸਿੰਘ ਛਦੌੜੀ, ਗੁਰਨਾਮ ਸਿੰਘ ਜੈਨਪੁਰ, ਸ਼ੰਮੀ ਸਰਪੰਚ ਉਧਨਵਾਲ, ਸੁਖਵਿੰਦਰ ਸਿੰਘ ਠਡਿਆਲਾ ਢਾਹਾਂ, ਗੁਰਦੀਪ ਸਿੰਘ ਬਕਾ-ਪੁਰ, ਨਵੀਨ ਕੁਮਾਰ ਚੇਅਰਮੈਨ ਕੁਹਾਰ, ਮੋਹਨ ਸਿੰਘ ਚਾਹਲ, ਸੁੱਚਾ ਸਿੰਘ ਜੈਨਪੁਰ, ਸੁੱਚਾ ਸਿੰਘ ਸੜੋਆ, ਹਰਦੇਵ ਸਿੰਘ ਰਾਣਾ ਮੋਹਰਾ, ਪਿਆਰਾ ਸਿੰਘ ਜੈਨਪੁਰ, ਅਜੀਤ ਸਿੰਘ ਜੈਨਪੁਰ, ਪਰਮਜੀਤ ਸਿੰਘ ਪੰਨਿਆਲੀ, ਅਵਤਾਰ ਸਿੰਘ ਟੌਂਸਾ, ਮਾਸਟਰ ਕਿਸ਼ਨ ਕੁਮਾਰ ਟੌਂਸਾ, ਕਮਲਜੀਤ ਸਿੰਘ ਫਤਿਹਪੁਰ, ਜੀਤ ਰਾਮ, ਬੀਬੀ ਸੁਰਿੰਦਰ ਕੌਰ, ਬੀਬੀ ਰਜਿੰਦਰ ਕੌਰ ਖਾਲਸਾ, ਗੁਰਬਖਸ਼ ਸਿੰਘ ਨਿਆਣਾ ਬੇਟ, ਪੰਜਾਬ ਸਿੰਘ ਸੁੱਜੋਵਾਲ, ਸਦਾਗਰ ਸਿੰਘ ਗਰਲੇ ਬੇਟ, ਸਰਵਣ ਸਿੰਘ ਗਰਲੇਬੇਟ, ਅਰਜਨ ਸਿੰਘ, ਕਾਬਲ ਸਿੰਘ ਸੂਰਾਪੁਰ, ਜਓਗਟਓਰ ਸਿੰਘ ਫਿਰਨੀਮਜਾਰਾ, ਜਰਨੈਲ ਸਿੰਘ ਫਿਰਨੀ ਮਜਾਰਾ, ਸੰਤੋਖ ਸਿੰਘ ਰੈਲਮਾਜਰਾ, ਨਿਰਮਲ ਸਿੰਘ ਔਜਲਾ, ਰਵਿੰਦਰ ਸਿੰਘ ਚਾਹਲ, ਭੁਪਿੰਦਰ ਸਿੰਘ ਬਲਾਚੌਰ, ਹਰੀਪਾਲ ਜਾਡਲੀ, ਚਰਨਜੀਤ ਬਿੰਦੂ ਮਡਿਆਣੀ, ਸੁਰਜੀਤ ਉਧਨੋਵਾਲ, ਰਾਧੇ ਸ਼ਾਮ ਸ਼ੰਮੀ, ਸੁਰਿੰਦਰ ਕੁਮਾਰ, ਅਜੀਤ ਰਾਮ ਧਿਮਾਨ, ਸਰਵਣ ਸਿੰਘ ਨੰਗਲ, ਮੋਹਨ ਸਿੰਘ ਗੜ੍ਹੀ ਸਰਪੰਚ, ਅਤੇ ਕੁਲਵਿੰਦਰ ਸਿੰਘ ਮਹਿੰਦੀਪੁਰ ਸਮੇਤ ਕਈ ਸੀਨੀਅਰ ਅਕਾਲੀ ਆਗੂ, ਯੂਥ ਅਕਾਲੀ ਦਲ ਦੇ ਅਹੁਦੇਦਾਰ, ਐੱਸ.ਜੀ.ਪੀ.ਸੀ. ਮੈਂਬਰ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸਿੱਖ ਸੰਗਤਾਂ ਹਾਜ਼ਰ ਸਨ।

# ਸੰਘਰਸ਼ ਤੇ ਸਿਰਜਣਾ ਦਾ ਸੁਮੇਲ ਗੀਤਕਾਰ ਧਰਮਿੰਦਰ ਸਿੰਘ ਧਾਲੀਵਾਲ

ਪੰਜਾਬ ਦੀ ਲੋਕ-ਧਰਤੀ ਨੇ ਹਮੇਸ਼ਾ ਅਜਿਹੇ ਕਲਾਕਾਰ ਪੈਦਾ ਕੀਤੇ ਹਨ, ਜਿਨ੍ਹਾਂ ਨੇ ਆਪਣੀ ਕਲਮ ਅਤੇ ਕਲਾ ਰਾਹੀਂ ਲੋਕਾਂ ਦੇ ਦਿਲਾਂ ਵਿੱਚ ਸਦੀਵੀ ਥਾਂ ਬਣਾਈ ਹੈ। ਇਸੇ ਕੜੀ ਦਾ ਇੱਕ ਮਹੱਤਵਪੂਰਨ ਨਾਂ ਹੈ ਧਰਮਿੰਦਰ ਸਿੰਘ ਧਾਲੀਵਾਲ, ਜੋ ਜ਼ਿਲ੍ਹਾ ਮਾਨਸਾ ਦੇ ਪਿੰਡ ਸਾਹਨੇਵਾਲੀ ਨਾਲ ਸੰਬੰਧ ਰੱਖਦੇ ਹਨ। ਉਹ ਇੱਕ ਸੰਵੇਦਨਸ਼ੀਲ, ਮਿਹਨਤੀ ਅਤੇ ਪ੍ਰਤਿਭਾਸ਼ਾਲੀ ਗੀਤਕਾਰ ਹਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਸੰਘਰਸ਼ਾਂ ਨੂੰ ਹੀ ਆਪਣੀ ਕਲਮ ਦੀ ਤਾਕਤ ਬਣਾਇਆ। ਉਨ੍ਹਾਂ ਦੀ ਗੀਤਕਾਰੀ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ, ਮਨੁੱਖੀ ਜਜ਼ਬਾਤਾਂ ਦੀ ਡੂੰਘਾਈ ਅਤੇ ਜੀਵਨ ਦੇ ਸੱਚੇ ਅਨੁਭਵ ਸਪੱਸ਼ਟ ਮਹਿਸੂਸ ਕੀਤੇ ਜਾ ਸਕਦੇ ਹਨ।

ਧਰਮਿੰਦਰ ਸਿੰਘ ਧਾਲੀਵਾਲ ਨੂੰ ਗੀਤ ਲਿਖਣ ਦੀ ਪ੍ਰੇਰਣਾ ਆਪਣੇ ਪਿਤਾ ਸਰਦਾਰ ਬਾਬੂ ਸਿੰਘ ਧਾਲੀਵਾਲ ਤੋਂ ਮਿਲੀ। ਬਾਬੂ ਸਿੰਘ ਧਾਲੀਵਾਲ ਖੁਦ ਵੀ ਸਾਹਿਤ ਅਤੇ ਗੀਤਕਾਰੀ ਨਾਲ ਗਹਿਰਾ ਰੁਝਾਨ ਰੱਖਦੇ ਸਨ। ਘਰ ਦਾ ਸਾਹਿਤਕ ਮਾਹੌਲ, ਸ਼ਬਦਾਂ ਪ੍ਰਤੀ ਸਤਿਕਾਰ ਅਤੇ ਲੋਕ-ਸੱਭਿਆਚਾਰ ਨਾਲ ਜੁੜਾਅ ਨੇ ਬਚਪਨ ਤੋਂ ਹੀ ਧਰਮਿੰਦਰ ਦੇ ਮਨ ਵਿੱਚ ਗੀਤਕਾਰੀ ਦਾ ਬੀਜ ਬੀਜ ਦਿੱਤਾ। ਪਿਤਾ ਦੀ ਸੰਗਤ ਵਿੱਚ ਬੈਠ ਕੇ ਸ਼ਬਦਾਂ ਦੀ ਤਾਕਤ ਨੂੰ ਸਮਝਣ ਅਤੇ ਗੀਤਾਂ ਦੀ ਰੂਹ ਨੂੰ ਮਹਿਸੂਸ ਕਰਨ ਦਾ ਮੌਕਾ ਮਿਲਿਆ, ਜਿਸ ਨੇ ਅੱਗੇ ਚੱਲ ਕੇ ਉਸ ਨੂੰ ਇੱਕ ਸੰਜੀਦਾ ਗੀਤਕਾਰ ਵਜੋਂ ਸਥਾਪਿਤ ਕੀਤਾ।

ਧਰਮਿੰਦਰ ਸਿੰਘ ਧਾਲੀਵਾਲ ਦੇ ਪਰਿਵਾਰ ਦਾ ਸੰਬੰਧ ਪੰਜਾਬੀ ਗਾਇਕੀ ਦੇ ਮਸ਼ਹੂਰ ਗਾਇਕ ਅਵਤਾਰ ਚਮਕ ਦੇ ਮੁੱਢਲੇ ਸੰਘਰਸ਼ ਦੇ ਦਿਨਾਂ ਨਾਲ ਵੀ ਰਿਹਾ ਹੈ। ਜਦੋਂ ਅਵਤਾਰ ਚਮਕ ਆਪਣੇ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਕਰ ਰਹੇ ਸਨ, ਉਸ ਸਮੇਂ ਧਰਮਿੰਦਰ ਦੇ ਪਿਤਾ ਉਨ੍ਹਾਂ ਦੇ ਸਾਥੀਆਂ ਵਿੱਚ ਸ਼ਾਮਲ ਰਹੇ ਹਨ। ਇਸ ਨੇੜਲੇ ਸਬੰਧ ਨੇ ਉਨ੍ਹਾਂ ਨੂੰ ਪੰਜਾਬੀ ਸੰਗੀਤ ਜਗਤ ਨੂੰ ਬਹੁਤ ਨੇੜਿਓਂ ਦੇਖਣ ਅਤੇ ਸਮਝਣ ਦਾ ਮੌਕਾ ਦਿੱਤਾ। ਇਹੀ ਤਜਰਬੇ ਉਨ੍ਹਾਂ ਦੀ ਰਚਨਾਤਮਕ ਸੋਚ ਨੂੰ ਹੋਰ ਪੱਕਾ ਕਰਦੇ ਗਏ। ਪਰ ਜ਼ਿੰਦਗੀ ਦਾ ਰਾਹ ਹਮੇਸ਼ਾ ਸੌਖਾ ਨਹੀਂ ਰਿਹਾ। ਜਵਾਨੀ ਦੀ ਚੜ੍ਹਦੀ ਉਮਰ ਵਿੱਚ ਇੱਕ ਭਿਆਨਕ ਸੜਕ ਹਾਦਸੇ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਹਿਲਾ ਕੇ ਰੱਖ ਦਿੱਤਾ। ਇਸ ਹਾਦਸੇ ਕਾਰਨ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਗੰਭੀਰ ਦੁੱਖਾਂ ਦਾ ਸਾਹਮਣਾ ਕਰਨਾ ਪਿਆ। ਲੰਬੇ ਸਮੇਂ ਤੱਕ ਉਹ ਆਪਣੀ ਕਲਮ ਤੋਂ ਵੀ ਦੂਰ ਰਹੇ। ਉਹ ਦੌਰ ਅਜਿਹਾ ਸੀ ਜਦੋਂ ਸ਼ਬਦ ਵੀ ਜਿਵੇਂ ਉਨ੍ਹਾਂ ਦਾ ਸਾਥ ਛੱਡ ਗਏ ਸਨ। ਪਰ ਅਸਲ ਕਲਾਕਾਰ ਉਹੀ ਹੁੰਦਾ ਹੈ ਜੋ ਮੁਸ਼ਕਲਾਂ ਅੱਗੇ ਝੁਕਣ ਦੀ ਬਜਾਏ ਉਨ੍ਹਾਂ ਨੂੰ ਆਪਣੀ ਤਾਕਤ ਬਣਾ ਲੈਂਦਾ ਹੈ। ਧਰਮਿੰਦਰ ਨੇ ਵੀ ਹੌਲੀ-ਹੌਲੀ ਆਪਣੇ ਆਪ ਨੂੰ ਸੰਭਾਲਿਆ ਅਤੇ ਮੁੜ ਆਪਣੀ ਕਲਮ ਨੂੰ ਜੀਵਨ ਦਿੱਤਾ।


ਧਰਮਿੰਦਰ ਸਿੰਘ ਧਾਲੀਵਾਲ

ਉਨ੍ਹਾਂ ਦੇ ਲਿਖੇ ਗੀਤ ਪੰਜਾਬੀ ਸੰਗੀਤ ਜਗਤ ਦੇ ਕਈ ਨਾਮਵਰ ਅਤੇ ਪ੍ਰਸਿੱਧ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ ਹਨ ਜਿਨ੍ਹਾਂ ਵਿੱਚ ਮੁਹੰਮਦ ਸਦੀਕ, ਸੁਖਜੀਤ ਕੌਰ, ਅਵਤਾਰ ਚਮਕ, ਅਮਨਜੋਤ, ਰਾਜਪ੍ਰੀਤ, ਅਮਨ ਧਾਲੀਵਾਲ, ਜਗਮੇਲ ਖੋਖਰ, ਰੋਜ਼ੀ ਬਾਵਾ ਸਮੇਤ ਕਈ ਹੋਰ ਕਲਾਕਾਰਾਂ ਪ੍ਰਮੁੱਖ ਹਨ। ਉਨ੍ਹਾਂ ਦੀ ਲਿਖਤ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਲੋਕ-ਰੰਗ, ਪ੍ਰੇਮ, ਵਿਛੋੜਾ, ਸਮਾਜਕ ਹਕੀਕਤਾਂ ਅਤੇ ਮਨੁੱਖੀ ਭਾਵਨਾਵਾਂ ਨੂੰ ਸਧਾਰਨ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਪੇਸ਼ ਕਰਦੇ ਹਨ। ਇਸੇ ਕਾਰਨ ਉਨ੍ਹਾਂ ਦੇ ਗੀਤ ਸਰੋਤਿਆਂ ਦੇ ਦਿਲਾਂ ਤੱਕ ਸਿੱਧੇ ਪਹੁੰਚਦੇ ਹਨ।

ਧਰਮਿੰਦਰ ਸਿੰਘ ਧਾਲੀਵਾਲ ਅੱਜ ਵੀ ਪੂਰੀ ਤਰ੍ਹਾਂ ਸਰਗਰਮ ਹਨ। ਉਨ੍ਹਾਂ ਦੇ ਕਈ ਨਵੇਂ ਪ੍ਰੋਜੈਕਟ ਤਿਆਰ ਹੋ ਰਹੇ ਹਨ, ਜਿਨ੍ਹਾਂ ਵਿੱਚ ਪੰਜਾਬੀ ਦੇ ਨਾਲ-ਨਾਲ ਹਰਿਆਣਵੀ ਗੀਤ ਵੀ ਸ਼ਾਮਲ ਹਨ। ਪੰਜਾਬ ਦੇ ਕਈ ਉਭਰਦੇ ਹੋਏ ਗਾਇਕ ਉਨ੍ਹਾਂ ਦੇ ਗੀਤਾਂ ਨੂੰ ਆਪਣੀ ਆਵਾਜ਼ ਦੇ ਰਹੇ ਹਨ। ਇਹ ਗੱਲ ਉਨ੍ਹਾਂ ਦੀ ਰਚਨਾਤਮਕਤਾ ਅਤੇ ਲੋਕਪ੍ਰਿਯਤਾ ਦਾ ਪ੍ਰਮਾਣ ਹੈ ਕਿ ਨਵੀਂ ਪੀੜ੍ਹੀ ਦੇ ਕਲਾਕਾਰ ਵੀ ਉਨ੍ਹਾਂ ਦੀ ਕਲਮ 'ਤੇ ਭਰੋਸਾ ਜਤਾ ਰਹੇ ਹਨ।

ਪੇਸ਼ੇ ਵਜੋਂ ਧਰਮਿੰਦਰ ਸਿੰਘ ਧਾਲੀਵਾਲ ਇੱਕ ਸਰਕਾਰੀ ਕਰਮਚਾਰੀ ਹਨ। ਉਹ ਆਪਣੀ ਨੌਕਰੀ ਦੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਵੀ ਆਪਣੇ ਅੰਦਰਲੇ ਕਲਾਕਾਰ ਨੂੰ ਕਦੇ ਮਰਨ ਨਹੀਂ ਦਿੰਦੇ। ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਗੀਤ ਲਿਖਣਾ ਉਨ੍ਹਾਂ ਦੇ ਜਜ਼ਬੇ ਅਤੇ ਸਮਰਪਣ ਦੀ ਮਿਸਾਲ ਹੈ। ਉਨ੍ਹਾਂ ਲਈ ਗੀਤਕਾਰੀ ਸਿਰਫ਼ ਸ਼ੌਕ ਨਹੀਂ, ਸਗੋਂ ਰੂਹ ਦੀ ਆਵਾਜ਼ ਹੈ।

ਨਿੱਜੀ ਜੀਵਨ ਵਿੱਚ ਧਰਮਿੰਦਰ ਸਿੰਘ ਧਾਲੀਵਾਲ ਇੱਕ ਸਾਦੇ, ਮਿਲਣਸਾਰ ਅਤੇ ਪਰਿਵਾਰ-ਪ੍ਰੇਮੀ ਇਨਸਾਨ ਹਨ। ਉਹ ਇਸ ਵੇਲੇ ਆਪਣੇ ਪਰਿਵਾਰ ਸਮੇਤ ਆਪਣੇ ਜੱਦੀ ਪਿੰਡ ਸਾਹਨੇਵਾਲੀ ਵਿੱਚ ਸੁਖੀ ਅਤੇ ਸੰਤੁਲਿਤ ਜੀਵਨ ਬਤੀਤ ਕਰ ਰਹੇ ਹਨ। ਪਿੰਡ ਦੀ ਮਿੱਟੀ, ਲੋਕ-ਸੱਭਿਆਚਾਰ ਅਤੇ ਰਵਾਇਤਾਂ ਨਾਲ ਉਨ੍ਹਾਂ ਦਾ ਡੂੰਘਾ ਲਗਾਅ ਅੱਜ ਵੀ ਉਨ੍ਹਾਂ ਦੀ ਰਚਨਾ ਵਿੱਚ ਸਾਫ਼ ਨਜ਼ਰ ਆਉਂਦਾ ਹੈ।

ਧਰਮਿੰਦਰ ਸਿੰਘ ਧਾਲੀਵਾਲ ਦਾ ਜੀਵਨ ਇਹ ਸਿੱਖਿਆ ਦਿੰਦਾ ਹੈ ਕਿ ਸੰਘਰਸ਼ ਮਨੁੱਖ ਨੂੰ ਤੋੜਦੇ ਨਹੀਂ, ਸਗੋਂ ਹੋਰ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਨੇ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਆਪਣੇ ਸੁਪਨਿਆਂ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ। ਆਪਣੀ ਕਲਮ, ਮਿਹਨਤ ਅਤੇ ਲਗਨ ਦੇ ਸਹਾਰੇ ਉਹ ਅੱਜ ਵੀ ਪੰਜਾਬੀ ਗੀਤਕਾਰੀ ਵਿੱਚ ਆਪਣਾ ਵਿਲੱਖਣ ਯੋਗਦਾਨ ਪਾ ਰਹੇ ਹਨ।

ਆਉਣ ਵਾਲੇ ਸਮੇਂ ਵਿੱਚ ਪੰਜਾਬੀ ਸੰਗੀਤ ਜਗਤ ਨੂੰ ਧਰਮਿੰਦਰ ਸਿੰਘ ਧਾਲੀਵਾਲ ਤੋਂ ਬਹੁਤ ਉਮੀਦਾਂ ਹਨ। ਉਮੀਦ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਦੀ ਕਲਮ ਤੋਂ ਹੋਰ ਵੀ ਅਜਿਹੇ ਗੀਤ ਜਨਮ ਲੈਣਗੇ ਜੋ ਪੰਜਾਬੀ ਸੰਗੀਤ ਦੀ ਝੋਲੀ ਨੂੰ ਹੋਰ ਸਮਰਥ ਬਣਾਉਣਗੇ ਅਤੇ ਸਰੋਤਿਆਂ ਦੇ ਦਿਲਾਂ ਵਿੱਚ ਲੰਬੇ ਸਮੇਂ ਤੱਕ ਆਪਣੀ ਥਾਂ ਬਣਾਈ ਰੱਖਣਗੇ। ਉਨ੍ਹਾਂ ਦਾ ਸਫ਼ਰ ਇਸ ਗੱਲ ਦਾ ਪ੍ਰਤੀਕ ਹੈ ਕਿ ਸੱਚੀ ਪ੍ਰਤਿਭਾ ਅਤੇ ਨਿਰੰਤਰ ਮਿਹਨਤ ਕਦੇ ਵੀ ਵਿਅਰਥ ਨਹੀਂ ਜਾਂਦੀ।

**ਮਨਜੀਤ ਮਾਨ**
**ਮੋਬਾਈਲ**
**7009898044**

## ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਬਲਾਚੌਰ ਦੇ ਪਿੰਡ ਹੈਡੋਂ ਬੇਟ ਵਿਖੇ ਫਾਰਮ ਭਰਨ ਦੀ ਮੁਹਿੰਮ ਸ਼ੁਰੂ



**ਬਲਾਚੌਰ, 26 ਜੂਨ (ਜਤਿੰਦਰ ਪਾਲ ਸਿੰਘ ਕਲੇਰ)** - ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਦੇ ਸਤਿਕਾਰ ਵਜੋਂ ਚਲਾਈ ਗਈ ਮੁਹਿਮ ਤਹਿਤ ਬਲਾਚੌਰ ਦੇ ਹੈਡੋ ਬੇਟ ਵਿਖੇ ਫਾਰਮ ਭਰਨ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਰਿੰਕੂ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਬਹੁਤ ਹੀ ਸਲਾਘਾਯੋਗ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਦੌਰਾਨ ਜਿਹੜੇ ਵਾਅਦੇ ਕੀਤੇ ਗਏ ਸਨ ਉਹ ਸਾਰੇ ਪੂਰੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਤੀ ਲੋਕਾਂ ਦੇ ਪਾਏ ਜਾ ਰਹੇ ਉਤਸ਼ਾਹ ਤੋਂ ਇਹ ਸਾਫ ਜਾਹਰ ਹੈ ਕਿ ਆਉਣ ਵਾਲੀਆਂ ਚੋਣਾਂ ਦੌਰਾਨ ਪੰਜਾਬ ਵਾਸੀਆਂ ਦੇ ਸਹਿਯੋਗ ਸਦਕਾ ਫਿਰ ਤੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਜਾਵੇਗੀ। ਇਸ ਮੌਕੇ ਤੇ ਉਹਨਾਂ ਨੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦਾ ਵੀ ਧੰਨਵਾਦ ਕੀਤਾ।ਇਸ ਮੌਕੇ ਸਾਬਕਾ ਸਰਪੰਚ ਰਿੰਕੂ, ਬਬਲੂ ਪੰਚ ਕਸ਼ਮੀਰੋ ਦੇਵੀ ਪੰਚ, ਮਨਵੀਰ ਕੌਰ ,ਜਗੀਰੋ ਦੇਵੀ ,ਸਿਮਰਨ ਕੌਰ ,ਪਵਨਪ੍ਰੀਤ ਕੌਰ, ਧਰਮਵੀਰ ਠੇਕੇਦਾਰ, ਮੌਜੂਦ ਸਨ।



# ਸੰਧੂ ਪਰਿਵਾਰ ਵਲੋਂ ਹਰ ਸਾਲ ਦੀ ਤਰ੍ਹਾਂ ਬੱਸ ਅੱਡਾ ਰੈਲ ਮਾਜਰਾ ਵਿੱਚ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ

**ਨਵਾਂਸ਼ਹਿਰ /ਕਾਠਗੜ੍ਹ 26 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਰੈਲ ਮਾਜਰਾ ਦੇ ਸੰਧੂ ਪਰਿਵਾਰ ਵਲੋਂ ਨਿਰਮਲਾ ਇਕਾਦਸ਼ੀ ਵਾਲੇ ਦਿਨ ਬੱਸ ਅੱਡਾ ਰੈਲ ਮਾਜਰਾ ਵਿੱਚ ਰਾਹਗੀਰਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਜਿਸ ਨਾਲ ਇਸ ਤਪਦੀ ਗਰਮੀ ਵਿੱਚ ਰਾਹਗੀਰਾਂ ਨੂੰ ਗਰਮੀ ਤੋਂ ਬਹੁਤ ਰਾਹਤ ਮਹਿਸੂਸ ਹੋਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਰੈਲ ਤੋਂ ਸਰਪੰਚ ਮੈਡਮ ਅਨੀਤਾ ਨੇ ਦੱਸਿਆ ਕਿ



ਉਨ੍ਹਾਂ ਦੇ ਸਹੁਰਾ ਸਾਹਿਬ ਸਵਰਗੀ ਕਿਸ਼ਨ ਲਾਲ ਜੀ ਨੇ ਸੰਨ 1952 ਵਿੱਚ ਇਸਦੀ ਸ਼ੁਰੂਆਤ ਕੀਤੀ ਸੀ। ਸਾਡੇ ਪਰਿਵਾਰ ਨੇ ਉਸ ਪਰੰਪਰਾ ਨੂੰ ਲਗਾਤਾਰ ਜਾਰੀ ਰੱਖਿਆ ਹੋਇਆ ਹੈ। ਇਸ ਮੌਕੇ ਸਮਾਜਸੇਵੀ ਸੱਤਪਾਲ ਸੰਧੂ, ਰਮੇਸ਼ ਲਾਲ,ਪੰਚ ਦਰਸ਼ਨ ਲਾਲ, ਸ਼ਮਸ਼ੇਰ ਸੰਧੂ,ਭਰਤ ਕੁਮਾਰ,ਕਮਲ ਕੁਮਾਰ, ਅਨਿਲ ਕੁਮਾਰ, ਦਲੀਪ ਚੰਦ, ਪ੍ਰਦੀਪ ਕੁਮਾਰ ਅਤੇ ਸਾਰੇ ਪਰਿਵਾਰ ਦੇ ਮੈਂਬਰ ਸੇਵਾ ਵਿੱਚ ਜੁਟੇ ਰਹੇ।

**ਫੋਟੋ ਕੈਪਸ਼ਨ ਰੈਲਮਾਜਰਾ ਅੱਡੇ ਲੱਗੀ ਠੰਡੇ ਮਿੱਠੇ ਜਲ ਦੀ ਲੱਗੀ ਛਬੀਲ ਦਾ ਦ੍ਰਿਸ਼ ਤਸਵੀਰ**

# ਬਸਪਾ ਵਲੋਂ 4 ਜੁਲਾਈ ਨੂੰ ਲਗਾਏ ਜਾ ਰਹੇ ਵਿਸ਼ਾਲ ਰੋਸ ਧਰਨੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਫਿਲੌਰ/ਅੱਪਰਾ, 26 ਜੂਨ (ਦੀਪਾ)**:ਬਹੁਜਨ ਸਮਾਜ ਪਾਰਟੀ ਵਲੋਂ 4 ਜੁਲਾਈ ਨੂੰ ਹੋਣ ਵਾਲੇ ਵਿਸ਼ਾਲ ਧਰਨੇ ਦੇ ਸੰਬੰਧ ਵਿੱਚ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਧਰਨੇ ਨੂੰ ਕਾਮਯਾਬ ਬਣਾਉਣ ਲਈ ਸਮੂਹ ਬਲਾਕ ਸੰਮਤੀ ਮੈਂਬਰ ਸਾਹਿਬਾਨ ਅਤੇ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਸਾਰੇ ਆਗੂ ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਧਰਨੇ ਨੂੰ ਸਫਲ ਬਣਾਉਣ ਲਈ ਵਿਸ਼ਵਾਸ ਦਿਵਾਇਆ । ਬਸਪਾ ਵਲੋਂ ਇਹ ਵਿਸ਼ਾਲ ਰੋਸ ਧਰਨਾ 10 ਵਜੇ ਸਵੇਰੇ ਐਸ. ਡੀ. ਐਮ ਫਿਲੌਰ ਦੇ



ਦਫਤਰ ਅੱਗੇ ਲਗਾਇਆ ਜਾਵੇਗਾ। ਇਸ ਮੌਕੇ ਖੁਸ਼ੀ ਰਾਮ ਇੰਚਾਰਜ ਹਲਕਾ ਫਿਲੌਰ ਪ੍ਰਭਾਰੀ ਜ਼ਿਲ੍ਹਾ ਜਲੰਧਰ,ਹਲਕਾ ਫਿਲੌਰ ਦੇ ਕੋਆਰਡੀਨੇਟਰ ਮਹਿੰਦਰ ਪਾਲ ਸਿੰਘ ਤੇਹਿੰਗ,ਚੇਅਰਪਰਸਨ ਸੰਦੀਪ ਕੌਰ ਲਾਂਦੜਾ, ਬਲਾਕ ਸੰਮਤੀ ਮੈਂਬਰਾਂ ਵਿੱਚ ਅਨੀਤਾ ਪੌਲ, ਸੁੱਚਾ ਰਾਮ ਗੜ੍ਹਾ, ਡਾ. ਜਗਦੀਸ਼ ਨਗਰ, ਜਗਦੀਪ ਮਾਓ ਸਾਹਿਬ,ਅਤੇ ਬਸਪਾ ਦੇ ਹੋਰ ਵੀ ਸੀਨੀਅਰ ਲੀਡਰਸ਼ਿਪ ਹਾਜ਼ਿਰ ਸਨ।

# ਲੇਖਕ ਪਾਠਕ ਸਾਹਿਤ ਸਭਾ ਵੱਲੋਂ ਪੱਤਰਕਾਰੀ ਸਨਮਾਨ ਸਥਾਪਤ

**ਬਰਨਾਲਾ :** ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੇ ਕਾਰਜਕਾਰੀ ਮੈਂਬਰਾਂ ਦੀ ਇੱਕਤਰਤਾ ਹੋਈ ਜਿਸ ਵਿਚ ਕਈ ਮੁੱਦਿਆਂ ਉਪਰ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਜਨਰਲ ਸਕੱਤਰ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਦੱਸਿਆ ਕਿ ਸਭਾ ਵਲੋਂ ਕਰਵਾਏ ਜਾ ਰਹੇ ਸਮਾਗਮਾਂ ਬਾਰੇ ਚਰਚਾ ਕੀਤੀ ਗਈ ਜਿਸ ਦੌਰਾਨ ਸਭਾ ਵਲੋ ਪ੍ਰੋਫੈਸਰ ਗਿਆਨੀ ਦਿੱਤ ਸਿੰਘ ਪੱਤਰਕਾਰੀ ਸਨਮਾਨ ਦੀ ਸਥਾਪਨਾ ਕੀਤੀ ਗਈ ਅਤੇ ਕੁਝ ਸਮਾਗਮਾਂ ਵਿੱਚ ਅਗਲੇ ਸਾਲ 2027 ਤੋਂ ਬਦਲਾਅ ਕੀਤਾ ਗਿਆ ਹੈ। ਪੱਤਰਕਾਰੀ ਸਨਮਾਨ ਸਬੰਧੀ ਗੱਲ ਕਰਦਿਆਂ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ ਹੁਰਾਂ ਨੇ ਦੱਸਿਆ ਕਿ



ਸਭਾ ਵੱਲੋਂ ਪਹਿਲਾਂ ਹੀ ਦੋ ਯਾਦਗਾਰੀ ਸਨਮਾਨ ਸਾਲ 2022 ਤੋਂ ਸਥਾਪਤ ਕੀਤੇ ਹੋਏ ਹਨ ਜਿਹਨਾਂ ਵਿਚ ਲੇਖਕ ਅਤੇ ਪਾਠਕ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਸਾਲ 2026 ਤੋਂ ਇਸ ਹੋਰ ਸਨਮਾਨ ਸਥਾਪਤ ਕੀਤਾ ਗਿਆ ਹੈ ਜਿਹੜਾ ਹਰ ਸਾਲ ਪ੍ਰੋ. ਗਿਆਨੀ ਦਿੱਤ ਸਿੰਘ ਪੱਤਰਕਾਰੀ ਸਨਮਾਨ ਅਧੀਨ ਕਿਸੇ ਪੱਤਰਕਾਰ ਨੂੰ ਦਿੱਤਾ ਜਾਵੇਗਾ। ਉਹਨਾਂ ਅੱਗੇ ਦੱਸਿਆ ਕਿ ਪ੍ਰੋ. ਗਿਆਨੀ ਦਿੱਤ ਸਿੰਘ ਜੀ ਨੂੰ ਪੰਜਾਬੀ ਪੱਤਰਕਾਰੀ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਹਨਾਂ ਨੇ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਲਾਹੌਰ ਤੋਂ ਪਹਿਲਾ ਪੰਜਾਬੀ "ਖਾਲਸਾ ਅਖਬਾਰ " 1886 ਵਿਚ ਕੱਢਿਆ ਸੀ। ਇਸ ਮੌਕੇ ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਤੇਜਾ ਸਿੰਘ ਤਿਲਕ, ਤੇਜਿੰਦਰ ਚੰਡਿਹੋਕ, ਮਨਦੀਪ ਕੁਮਾਰ, ਜੈਸਮੀਨ ਕੌਰ ਆਦਿ ਹਾਜ਼ਰ ਸਨ।

# ਕਾਰ ਨੂੰ ਅਣਪਛਾਤੇ ਟਰੱਕ ਨੇ ਮਾਰੀ ਟੱਕਰ ਕਾਰ ਨੁਕਸਾਨੀ ਗਈ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ

**ਨਵਾਂਸ਼ਹਿਰ /ਕਾਠਗੜ੍ਹ 26 ਜੂਨ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਟੋਪਾਨ ਫੈਕਟਰੀ ਟੌਂਸਾ ਕੋਲ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਕਿ ਟੋਪਾਨ ਫੈਕਟਰੀ, ਟੌਂਸਾ ਦੇ ਕੋਲ ਇਕ ਐਕਸੀਡੈਂਟ ਹੋਇਆ ਹੈ। ਉਨ੍ਹਾਂ ਨੇ ਆਪਣੀ ਟੀਮ ਨਾਲ ਮੌਕੇ ਤੇ ਤਰੁੰਤ ਜਾ ਕੇ ਦੇਖਿਆ ਕਿ ਇੱਕ ਕਾਰ ਜਿਸ ਦਾ ਨੰਬਰ ਪੀ ਬੀ 07 ਸੀ ਡੀ 1866 ਜਿਸ ਨੂੰ ਪ੍ਰਧਾਨ ਸ਼ਿਵ ਪੁੱਤਰ ਕਿਸ਼ਨ ਚੰਦ ਵਾਸੀ ਗੜ੍ਹਦੀਵਾਲ,ਜ਼ਿਲ੍ਹਾ ਹੁਸ਼ਿਆਰਪੁਰ



ਚਲਾ ਰਿਹਾ ਸੀ ਕਾਰ ਨੂੰ ਕਿਸੇ ਅਣਪਛਾਤੇ ਟਰੱਕ ਵਲੋਂ ਫੇਟ ਮਾਰੀ ਗਈ ਅਤੇ ਮੌਕੇ ਤੋਂ ਫ਼ਰਾਰ ਹੋ ਗਿਆ ।ਜਿਸ ਕਾਰ ਨੁਕਸਾਨੀ ਗਈ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ । ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਨਾਲ ਕਾਰ ਨੂੰ ਸਾਈਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਗਿਆ।

# ਸੁਖੀ ਬਾਠ ਵੱਲੋਂ ਪੰਜਾਬੀ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਦੀ ਅਪੀਲ

**ਵੈਨਕੂਵਰ, 26 ਜੂਨ (ਮਲਕੀਤ ਸਿੰਘ) –** ਕੈਨੇਡਾ ਵਿੱਚ ਰਹਿੰਦੇ ਪੰਜਾਬੀ ਭਾਈਚਾਰੇ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਜੋੜਨ ਦੀ ਅਪੀਲ ਕਰਦਿਆਂ ਸਰੀ ਦੇ ਉੱਘੇ ਕਾਰੋਬਾਰੀ ਅਤੇ ਪੰਜਾਬ ਭਵਨ ਸਰੀ ਦੇ ਸੰਚਾਲਕ ਸੁਖੀ ਬਾਠ ਨੇ ਕਿਹਾ ਹੈ ਕਿ ਭਾਸ਼ਾ ਸਿਰਫ਼ ਗੱਲਬਾਤ ਦਾ ਸਾਧਨ ਨਹੀਂ, ਸਗੋਂ ਸੱਭਿਆਚਾਰ, ਇਤਿਹਾਸ, ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਛਾਣ ਦੀ ਮਜ਼ਬੂਤ ਨੀਂਹ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਸੁਖੀ ਬਾਠ ਨੇ ਕਿਹਾ ਕਿ ਜੇਕਰ ਮਾਪੇ ਘਰ ਵਿੱਚ ਆਪਣੇ ਬੱਚਿਆਂ ਨਾਲ ਪੰਜਾਬੀ



**ਸੁਖੀ ਬਾਠ ਦੀ ਇੱਕ ਤਸਵੀਰ**

ਵਿੱਚ ਗੱਲਬਾਤ ਕਰਨਗੇ ਤਾਂ ਉਹਨਾਂ ਦੇ ਬੱਚਿਆਂ ਦਾ ਆਪਣੀਆਂ ਜੜ੍ਹਾਂ, ਵਿਰਸੇ ਅਤੇ ਸਭਿਆਚਾਰ ਨਾਲ ਜੁੜੇ ਰਹਿਣਾ ਸੁਭਾਵਿਕ ਹੈ । ਉਨਾਂ ਅੱਗੇ ਕਿਹਾ ਕਿ ਵਿਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਪਰਿਵਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਘਰਾਂ ਵਿੱਚ ਪੰਜਾਬੀ ਬੋਲਣ ਦਾ ਮਾਹੌਲ ਬਣਾਉਣ, ਬੱਚਿਆਂ ਨੂੰ ਪੰਜਾਬੀ ਪੜ੍ਹਨ-ਲਿਖਣ ਲਈ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਪੰਜਾਬੀ ਸਾਹਿਤ, ਲੋਕ-ਗੀਤਾਂ ਅਤੇ ਇਤਿਹਾਸ ਨਾਲ ਜਾਣੂ ਕਰਵਾਉਣ। ਬਿਆਨ ਦੇ ਅਖੀਰ ਵਿੱਚ ਉਨਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨਾ ਸਮੁੱਚੇ ਭਾਈਚਾਰੇ ਦੀ ਸਾਂਝੀ ਜ਼ਿੰਮੇਵਾਰੀ ਹੈ ਤਾਂ ਜੋ ਭਵਿੱਖ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸਾ ਮਜ਼ਬੂਤੀ ਨਾਲ ਅਗਲੀ ਪੀੜ੍ਹੀਆਂ ਤੱਕ ਪਹੁੰਚਦਾ ਰਹੇ।

# ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਦਾ ਸਰੀ 'ਚ ਸਨਮਾਨ

**ਵੈਨਕੂਵਰ, ਜੂਨ (ਮਲਕੀਤ ਸਿੰਘ)–** ਕੈਨੇਡਾ- ਇੰਡੀਆ ਫਰੈਂਡਸ਼ਿਪ ਫਾਉਂਡੇਸ਼ਨ ਵੱਲੋਂ ਸਥਾਨਕ ਭਾਈਚਾਰੇ ਦੇ ਸਹਿਯੋਗ ਨਾਲ ਭਾਰਤ ਤੋਂ ਕਨੇਡਾ ਦੌਰੇ ਤੇ ਆਏ ਰਾਜ ਸਭਾ ਮੈਂਬਰ ਅਤੇ ਭਾਜਪਾ ਆਗੂ ਸਤਨਾਮ ਸਿੰਘ ਸੰਧੂ ਦਾ ਸਰੀ 'ਚ ਆਯੋਜਿਤ ਇੱਕ ਸਮਾਗਮ ਦੌਰਾਨ ਸਨਮਾਨ ਕੀਤਾ ਗਿਆ

ਸਮਾਗਮ ਦੇ ਸ਼ੁਰੂ ਵਿੱਚ 1985 ਚ ਵਾਪਰੇ ਏਅਰ ਇੰਡੀਆ ਦੇ ਕਨਿਸ਼ਕ ਕਾਂਡ ਦੌਰਾਨ ਮਾਰੇ ਗਏ 329 ਯਾਤੂਰਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇਕ ਮਿੰਟ ਦਾ ਮੌਨ ਧਾਰਿਆ ਗਿਆ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਵੱਲੋਂ ਸ ਸੰਧੂ ਨੂੰ ਜੀ ਆਇਆ ਕਿਹਾ ਗਿਆ ਇਸ ਮੌਕੇ ਤੇ ਆਪਣੀ ਸੰਖੇਪ ਤਕਰੀਰ ਦੌਰਾਨ ਬੋਲਦਿਆਂ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਪ੍ਰਵਾਸੀ ਭਾਰਤੀਆਂ ਵੱਲੋਂ ਵਿਦੇਸ਼ਾਂ ਚ ਸਖਤ ਮਿਹਨਤ ਕਰਕੇ ਹਾਸਿਲ ਕੀਤੀ ਕਾਮਯਾਬੀ ਦੀ ਸ਼ਲਾਘਾ ਕਰਦਿਆਂ ਭਾਰਤ ਅਤੇ ਕੈਨੇਡਾ ਦੇ ਦੁਵੱਲੇ ਰਿਸ਼ਤਿਆਂ ਚ ਹੋ ਰਹੀ ਪ੍ਰਗਤੀ ਤੇ ਤਸੱਲੀ ਪ੍ਰਗਟਾਵਾ ਕੀਤਾ ਇਸ ਮੌਕੇ ਕੈਨੇਡਾ- ਇੰਡੀਆ ਫਰੈਂਡਸ਼ਿਪ ਫਾਉਂਡੇਸ਼ਨ ਵਲੋਂ ਸ ਸਤਨਾਮ ਸਿੰਘ ਸੰਧੂ ਨੂੰ ਇਕ ਯਾਦਗਾਰੀ ਚਿੰਨ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਗਿੱਲ, ਗੁਲਜਾਰ ਸਿੰਘ ਚੀਮਾ, ਜਗਰੂਪ ਸਿੰਘ ਖੇੜਾ, ਸ ਕੁਲਵੰਤ ਸਿੰਘ ਢੇਸੀ, ਸਾਬਕਾ ਸਾਂਸਦ ਗੁਰਮੰਤ ਗਰੇਵਾਲ , ਬੂਟਾ ਸਿੰਘ ਢਿੱਲੋਂ, ਐਡਵੋਕੇਟ ਲਵਲੀਨ ਗਿੱਲ, ਸਤੀਸ਼ ਕੁਮਾਰ , ਵਨੀਤ ਅਗਰਵਾਲ, ਪਰਮਜੀਤ ਸਿੰਘ, ਹੈਰੀ ਕੂਨਰ, ਬਲਦੇਵ ਸਿੰਘ ਭੰਮ, ਪ੍ਰੋ ਗੁਰਦੇਵ ਸਿੰਘ,ਦਵਿੰਦਰ ਬੈਨੀਪਾਲ, ਹਰਜੀਤ ਸਿੰਘ ਗਿੱਲ, ਹਰਪ੍ਰੀਤ ਸਿੰਘ, ਡਾ ਹਾਕਮ ਭੁੱਲਰ, ਡਾ ਜਸਵੀਰ ਰੋਮਾਣਾ, ਡਾ ਰਮਿੰਦਰ ਸਿੰਘ ਕੰਗ, ਜੁਗਰਾਜ ਸਿੰਘ ਗਰਚਾ, ਐਡਵੋਕੇਟ ਜਗਮੋ- ਹਣ ਸਿੰਘ, ਤ੍ਰਿਪਤ ਅਟਵਾਲ, ਨਰਿੰਦਰ ਸਿੰਘ ਖੱਖ, ਬਿੱਲਾ ਸੰਧੂ, ਹਰਪ੍ਰੀਤ ਧਾਲੀਵਾਲ, ਗੁਰਪਾਲ ਲਿੱਟ, ਕ੍ਰਿਪਾਲ ਮਾਂਗਟ, ਜੋਧਾ ਚੱਕਰ, ਸਤਵਿੰਦਰ ਸਿੰਘ ਗਾਖਲ, ਹਰਦੇਵ ਸਿੰਘ ਗਰੇਵਾਲ, ਜਰਨੈਲ ਸਿੰਘ ਖੰਡੋਲੀ, ਪੱਤਰਕਾਰ ਰਾਜੀਵ ਭਾਸਕਰ ਆਦ ਮੌਜੂਦ ਸਨ।



**ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੂੰ ਸਨਮਾਨਿਤ ਕੀਤੇ ਜਾਣ ਦੀ ਇੱਕ ਤਸਵੀਰ।**

# ਸਰਫ਼ਬੋਰਡ 'ਤੇ ਸਵਾਰ ਹੋ ਕੇ ਪ੍ਰਸ਼ੰਸਕ ਨੇ ਵਧਾਇਆ ਕੈਨੇਡਾ ਦੀ ਟੀਮ ਦਾ ਹੌਸਲਾ

**ਵੈਨਕੂਵਰ, ਜੂਨ (ਮਲਕੀਤ ਸਿੰਘ)** – ਫ਼ੀਫ਼ਾ ਵਿਸ਼ਵ ਕੱਪ ਸਬੰਧੀ ਆਯੋਜਿਤ ਵੱਖ ਵੱਖ ਗਤੀਵਿਧੀਆਂ ਦਾ ਰੁਝਾਨ ਹੁਣ ਵੈਨਕੂਵਰ ਦੇ ਸਮੁੰਦਰੀ ਕਿਨਾਰਿਆਂ ਤੱਕ ਵੀ ਪਹੁੰਚ ਗਿਆ ਹੈ। ਸੋਸ਼ਲ ਮੀਡੀਆ ਤੇ ਵਾਇਰਲ ਇੱਕ ਵੀਡੀਓ ਕਲਿੱਪ ਵਿੱਚ ਇੱਕ ਖੇਡ ਪ੍ਰੇਮੀ ਸਮੁੰਦਰ ਵਿੱਚ ਈ-ਫੋਇਲ ਸਰਫ਼ਬੋਰਡ (ਬਿਜਲਈ ਕਿਸ਼ਤੀ)'ਤੇ ਸਵਾਰ ਹੋ ਕੇ ਹੱਥ ਵਿੱਚ ਵਿਸ਼ਾਲ ਕੈਨੇਡੀਅਨ ਝੰਡਾ ਲਹਿਰਾਉਂਦਿਆਂ ਕੈਨੇਡਾ ਦੀ ਫੁੱਟਬਾਲ ਟੀਮ ਦਾ ਅਨੋਖੇ ਅੰਦਾਜ਼ ਵਿੱਚ ਹੌਸਲਾ ਵਧਾਉਂਦਿਆਂ ਨਜ਼ਰ ਆ ਰਿਹਾ ਹੈ। ਵੀਡੀਓ ਵਿੱਚ ਇਹ ਦ੍ਰਿਸ਼ ਦੇਖਣ ਲਈ ਸਮੁੰਦਰੀ ਕਿਨ- ਾਰੇ ਮੌਜੂਦ ਲੋਕਾਂ ਦੀ ਭੀੜ ਵਿੱਚੋਂ ਕਈ ਲੋਕ ਆਪਣੇ ਮੋਬਾਈਲ ਫੋਨਾਂ ਨਾਲ ਅਜਿਹੇ ਦਿਲਚਸਪ ਪਲਾਂ ਦੀਆਂ ਵੀਡੀਓ ਬਣਾਉਂਦੇ ਵੀ ਵੇਖੇ ਜਾ ਸਕਦੇ ਹਨ ਜ਼ਿਕਰਯੋਗ ਹੈ ਕਿ ਵਿਸ਼ਵ ਕੱਪ ਦੇ ਮਾਹੌਲ ਕਾਰਨ ਵੈਨਕੂਵਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰਸ਼ੰਸਕ ਆਪਣੀਆਂ ਟੀਮਾਂ ਦਾ ਸਮਰਥਨ ਕਰਨ ਲਈ ਨਵੇਂ ਨਵੇਂ ਤਰੀਕੇ ਅਪਣਾ ਰਹੇ ਹਨ।



**ਵੈਨਕੂਵਰ ਦੇ ਸਮੁੰਦਰੀ ਪਾਣੀਆਂ ਵਿੱਚ ਈ-ਫੋਇਲ ਸਰਫ਼ਬੋਰਡ 'ਤੇ ਸਵਾਰ ਹੋ ਕੇ ਕੈਨੇਡੀਅਨ ਝੰਡਾ ਲਹਿਰਾਉਂਦਿਆਂ ਕੈਨੇਡਾ ਦੀ ਟੀਮ ਦਾ ਹੌਸਲਾ ਵਧਾਉਂਦਾ ਇੱਕ ਪ੍ਰਸ਼ੰਸਕ।**

# ਕੈਨੇਡੀਅਨ ਬਾਪੂਆਂ ਨੇ ਹਰਿਆਵਲੇ ਪਹਾੜਾਂ 'ਚ ਮਨਾਈ ਪਿਕਨਿਕ

## ਖਾਣ ਪੀਣ ਅਤੇ ਸ਼ੇਅਰੋ-ਸ਼ਾਇਰੀ ਨਾਲ ਕੀਤਾ ਮਨਪ੍ਰਚਾਵਾ





**ਬਜ਼ੁਰਗਾਂ ਵੱਲੋਂ ਮਨਾਈ ਗਈ ਪਿਕਨਿਕ ਦੀਆਂ ਵੱਖ ਵੱਖ ਤਸਵੀਰਾਂ।**

**ਵੈਨਕੂਵਰ , (ਮਲਕੀਤ ਸਿੰਘ) –** ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਹਰ ਸਾਲ ਦੀ ਤਰ੍ਹਾਂ ਤੀਸਰਾ ਪਿਕਨਿਕ ਟੂਰ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਬ੍ਰਿਟਿਸ਼ ਕੋਲੰਬੀਆਂ ਦੇ ਖੂਬਸੂਰਤ ਪਹਾੜਾਂ ਦੀ ਗੋਦ ਚ ਵਸੇ ਸਕੋਮਿਸ਼ ਵਿਖੇ ਲਾਇਆ ਗਿਆ। ਇਸ ਮਨੋਰੰਜਕ ਅਤੇ ਯਾਦਗਾਰੀ ਯਾਤਰਾ ਦੌਰਾਨ ਸੀਨੀਅਰ ਮੈਂਬਰਾਂ ਨੇ ਕੁਦਰਤ ਦੀ ਗੋਦ ਵਿੱਚ ਖੁਸ਼ਗਵਾਰ ਪਲ ਬਿਤਾਏ ਅਤੇ ਆਪਸੀ ਸਾਂਝ ਤੇ ਸੱਭਿਆਚਾਰਕ ਰੰਗਾਂ ਦਾ ਭਰਪੂਰ ਆਨੰਦ ਮਾਣਿਆ। ਮਿਥੇ ਦਿਨ ਤੇ ਸਵੇਰ ਵੇਲੇ ਅਵਤਾਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਬੱਸ ਰਾਹੀ ਰਵਾਨਾ ਹੋਇਆ ਇਹ ਟੂਰ ਹਰਿਆਵਲੇ ਪਹਾੜਾਂ ਦੀਆਂ ਚੋਟੀਆਂ ਅਤੇ ਸਮੁੰਦਰ ਦੇ ਨੀਲੇ ਪਾਣੀਆਂ ਦੇ ਕਿਨਾਰੇ ਨਾਗਵਲ ਦੀ ਆਕ੍ਰਿਤੀ ਵਾਂਗ ਬਣੇ ਮਨਮੋਹਕ ਰਸਤੇ ਰਾਹੀ ਹੁੰਦਾ ਹੋਇਆ ਪਹਿਲਾਂ ਸਕੋਮਿਸ ਸਥਿਤ ਸ਼ੈਨਨ ਫਾਲਜ਼ ਪ੍ਰੋਵਿੰਸ਼ਲ ਪਾਰਕ ਪਹੁੰਚਿਆ ਜਿੱਥੇ ਸਾਰਿਆਂ ਨੇ ਪਹਾੜਾਂ ਦੀ ਸਿਖਰ ਤੋਂ ਡਿੱਗਦੇ ਪਾਣੀ ਨੇ ਝਰਨਿਆਂ ਦੇ ਦਿਲਕਸ਼ ਨਜ਼ਾਰਿਆਂ ਦਾ ਆਨੰਦ ਮਾਣਿਆ ਅਤੇ ਯਾਦਗਾਰੀ ਤਸਵੀਰਾਂ ਖਿੱਚਵਾਈਆਂ। ਇਸ ਉਪਰੰਤ ਸਾਰੇ ਮੈਂਬਰ ਐਲਿਸ ਲੇਕ ਪ੍ਰੋਵਿੰਸ਼ਲ ਪਾਰਕ ਪਹੁੰਚੇ, ਜਿੱਥੇ ਕੁਦਰਤ ਦੀ ਸ਼ਾਂਤਮਈ ਫ਼ਿਜ਼ਾ ਵਿੱਚ ਸਜਾਈ ਕਾਵਿ-ਮਹਿਫ਼ਲ ਅਤੇ ਸ਼ੇਅਰੋ -ਸ਼ਾਇਰੀ ਨਾਲ ਮਾਹੌਲ ਰੰਗੀਨ ਬਣ ਗਿਆ ਇਸ ਮਹਿਫ਼ਲ ਦੀ ਸ਼ੁਰੂਆਤ ਜਗੀਰ ਸਿੰਘ ਲਾਲੀ ਨੇ ਕੀਤੀ। ਉਪਰੰਤ ਮਨਜੀਤ ਸਿੰਘ ਮੱਲ੍ਹਾ, ਬੇਅੰਤ ਸਿੰਘ ਢਿੱਲੋਂ, ਗੁਰਮੇਲ ਸਿੰਘ ਧਾਲੀਵਾਲ ਅਤੇ ਹਰਚੰਦ ਸਿੰਘ ਗਿੱਲ ਨੇ ਆਪਣੀਆਂ ਰਚਨਾਵਾਂ ਅਤੇ ਪੇਸ਼ਕਾਰੀਆਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ। ਮਨਜੀਤ ਸਿੰਘ ਮੱਲ੍ਹਾ ਨੇ ਪ੍ਰਸਿੱਧ ਸ਼ਾਇਰ ਜਸਵਿੰਦਰ ਅਤੇ ਹਰਦਮ ਮਾਨ ਦੀਆਂ ਗ਼ਜ਼ਲਾਂ ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕਰਕੇ ਖ਼ੂਬ ਵਾਹ-ਵਾਹ ਖੱਟੀ। ਸਮੁੱਚੀ ਮਹਿਫ਼ਲ ਦਾ ਸੁਚੱਜਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਤੇ ਸਵਾਦਲੇ ਭੋਜਨ ਦਾ ਵੀ ਸਾਰਿਆਂ ਨੇ ਰਲ ਮਿਲ ਕੇ ਆਨੰਦ ਮਾਣਿਆ ਟੂਰ ਨੂੰ ਸਫਲ ਬਣਾਉਣ ਵਿੱਚ ਬਲਦੇਵ ਸਿੰਘ ਬੀਰੀਆ, ਨਿਰੰਜਨ ਸਿੰਘ ਲਹਿਲ,ਸੁਸ਼ੀਲ ਚੌਧਰੀ, ਬਲਬੀਰ ਸਿੰਘ ਗਰਚਾ ਅਤੇ ਗੁਰਜੀਵਨ ਸਿੰਘ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਸ਼ਾਮ ਵੇਲੇ ਐਲਿਸ ਲੇਕ ਪ੍ਰੋਵਿੰਸ਼ਲ ਪਾਰਕ ਤੋਂ ਵਾਪਸੀ ਲਈ ਰਵਾਨਾ ਹੋ ਕੇ ਸਾਰੇ ਸੀਨੀਅਰ ਮੈਂਬਰ ਸੁਖਦ ਯਾਦਾਂ ਨਾਲ ਭਰਪੂਰ ਮਨਾਂ ਨਾਲ ਸਰੀ ਸਥਿਤ ਸੀਨੀਅਰ ਸੈਂਟਰ ਪਹੁੰਚੇ। ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਟੂਰ ਨੂੰ ਸਫਲ ਬਣਾਉਣ ਲਈ ਸਮੂਹ ਮੈਂਬਰਾਂ, ਪ੍ਰਬੰਧਕਾਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ।



# ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਜੰਗ ਵਿਰੋਧੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਮੂਲੀਅਤ ਕਰਦਿਆਂ ਅਮਨ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ

**ਸਮਾਜ ਵੀਕਲੀ ਯੂ ਕੇ**

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਲੰਡਨ ਦੇ ਸੈਂਟਰਲ ਹਾਲ, ਵੈਸਟਮਿੰਸਟਰ ਵਿਖੇ ਆਯੋਜਿਤ ਅੰਤਰਰਾਸ਼ਟਰੀ ਜੰਗ ਵਿਰੋਧੀ ਕਾਨਫਰੰਸ ਵਿੱਚ ਮਾਣ ਨਾਲ ਸ਼ਮੂਲੀਅਤ ਕੀਤੀ। ਇਸ ਕਾਨਫਰੰਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਟਰੇਡ ਯੂਨੀਅਨ ਆਗੂ, ਅਮਨ ਪੱਖੀ ਮੁਹਿੰਮਕਾਰ, ਕਮਿਊਨਿਟੀ ਸੰਸਥਾਵਾਂ ਦੇ ਨੁਮਾਇੰਦੇ ਅਤੇ 20 ਤੋਂ ਵੱਧ ਦੇਸ਼ਾਂ ਤੋਂ ਆਏ ਸਮਾਜਿਕ ਤੇ ਰਾਜਨੀਤਿਕ ਕਾਰਕੁਨ ਸ਼ਾਮਲ ਸਨ। ਇਹ ਕਾਨਫਰੰਸ ਵਿਸ਼ਵ ਪੱਧਰ 'ਤੇ ਜੰਗਾਂ, ਵਧ ਰਹੇ ਫੌਜੀਕਰਨ ਅਤੇ ਅੰਤਰਰਾਸ਼ਟਰੀ ਟਕਰਾਵਾਂ ਦੇ ਸ਼ਾਂਤੀਪੂਰਨ ਹੱਲ ਦੀ ਵਧ ਰਹੀ ਲੋੜ ਨੂੰ ਦਰਸਾਉਂਦੀ ਹੈ।

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੀ ਨੁਮਾਇੰਦਗੀ ਇਸ ਕਾਨਫਰੰਸ ਵਿੱਚ ਸਲਵਿੰਦਰ ਸਿੰਘ ਢਿੱਲੋਂ, ਨੈਸ਼ਨਲ ਬੁਲਾਰੇ ਨੇ ਕੀਤੀ। ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ ਤੋਂ ਆਏ ਟਰੇਡ ਯੂਨੀਅਨ ਆਗੂਆਂ, ਅਮਨ ਕਾਰਕੁਨਾਂ ਅਤੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ। ਇਨ੍ਹਾਂ ਮੁਲਾਕਾਤਾਂ ਦੌਰਾਨ ਉਨ੍ਹਾਂ ਨੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ, ਬਰਾਬਰੀ ਨੂੰ ਉਤਸ਼ਾਹਿਤ ਕਰਨ, ਨਸਲਵਾਦ ਦੇ ਵਿਰੁੱਧ ਸੰਘਰਸ਼ ਕਰਨ ਅਤੇ ਅਮਨ ਤੇ ਅੰਤਰਰਾਸ਼ਟਰੀ ਏਕਤਾ ਲਈ ਕੀਤੇ ਜਾ ਰਹੇ ਲੰਮੇ ਸੰਘਰਸ਼ ਬਾਰੇ ਜਾਣੂ ਕਰਵਾਇਆ। ਸਲਵਿੰਦਰ ਸਿੰਘ ਢਿੱਲੋਂ ਨੇ ਦੁਹਰਾਇਆ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਜੰਗ ਅਤੇ ਫੌਜੀਕਰਨ ਦੇ ਵਿਰੁੱਧ ਆਪਣਾ ਪੱਕਾ ਸਟੈਂਡ ਜਾਰੀ ਰੱਖੇਗੀ ਅਤੇ ਦੁਨੀਆ ਭਰ ਦੀਆਂ ਟਰੇਡ ਯੂਨੀਅਨਾਂ, ਕਮਿਊਨਿਟੀ ਸੰਸਥਾਵਾਂ ਅਤੇ ਅਮਨ ਪੱਖੀ ਅੰਦੋਲਨਾਂ ਨਾਲ ਮਿਲ ਕੇ ਅਮਨ, ਇਨਸਾਫ਼ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰਦੀ ਰਹੇਗੀ।

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸ੍ਰੀ ਸੀਤਲ ਸਿੰਘ ਗਿੱਲ ਨੇ ਕਿਹਾ:



"ਜੰਗ ਦੀ ਸਭ ਤੋਂ ਵੱਡੀ ਕੀਮਤ ਹਮੇਸ਼ਾ ਆਮ ਮਿਹਨਤਕਸ਼ ਲੋਕਾਂ ਨੂੰ ਚੁਕਾਉਣੀ ਪੈਂਦੀ ਹੈ। ਜੰਗਾਂ ਕਾਰਨ ਬੇਗੁਨਾਹ ਲੋਕ ਆਪਣੀਆਂ ਜਾਨਾਂ ਗੁਆਉਂਦੇ ਹਨ, ਪਰਿਵਾਰ ਉਜੜਦੇ ਹਨ, ਲੋਕ ਬੇਘਰ ਹੁੰਦੇ ਹਨ ਅਤੇ ਗਰੀਬੀ ਤੇ ਆਰਥਿਕ ਮੁਸ਼ਕਲਾਂ ਵਿੱਚ ਵਾਧਾ ਹੁੰਦਾ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦਾ ਮੰਨਣਾ ਹੈ ਕਿ ਅੰਤਰਰਾਸ਼ਟਰੀ ਵਿਵਾਦਾਂ ਦਾ ਹੱਲ ਜੰਗ ਨਹੀਂ, ਸਗੋਂ ਗੱਲਬਾਤ, ਕੂਟਨੀਤੀ ਅਤੇ ਅੰਤਰਰਾਸ਼ਟਰੀ ਸਹਿਯੋਗ ਰਾਹੀਂ ਕੱਢਿਆ ਜਾਣਾ ਚਾਹੀਦਾ ਹੈ। ਅਸੀਂ ਦੁਨੀਆ ਭਰ ਦੀਆਂ ਅਮਨ ਪੱਖੀ ਸੰਸਥਾਵਾਂ, ਟਰੇਡ ਯੂਨੀਅਨਾਂ ਅਤੇ ਕਮਿਊਨਿਟੀ ਸੰਗਠਨਾਂ ਨਾਲ ਮਿਲ ਕੇ ਅਮਨ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਆਪਣਾ ਸੰਘਰਸ਼ ਜਾਰੀ ਰੱਖਾਂਗੇ।"

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਇਸ ਮਹੱਤਵਪੂਰਨ ਕਾਨਫਰੰਸ ਵਿੱਚ ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਤੋਂ ਬਹੁਤ ਉਤਸ਼ਾਹਿਤ ਹੈ। ਇਹ ਇਸ ਗੱਲ ਦਾ ਸਪੱਸ਼ਟ



ਸੰਕੇਤ ਹੈ ਕਿ ਬ੍ਰਿਟੇਨ ਅਤੇ ਵਿਸ਼ਵ ਭਰ ਵਿੱਚ ਅਮਨ, ਇਨਸਾਫ਼ ਅਤੇ ਜੰਗ ਵਿਰੋਧੀ ਲਹਿਰ ਲਗਾਤਾਰ ਮਜ਼ਬੂਤ ਹੋ ਰਹੀ ਹੈ। ਇਸ ਪ੍ਰੈਸ ਬਿਆਨ ਨਾਲ ਫੋਟੋਗ੍ਰਾਫ਼ਿਕ ਸਬੂਤ ਵੀ ਨੱਥੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸਲਵਿੰਦਰ ਸਿੰਘ ਢਿੱਲੋਂ ਨੂੰ ਕਾਨਫਰੰਸ ਵਿੱਚ ਸ਼ਾਮਲ ਹੋਏ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦਾ ਬੈਨਰ ਟਰੇਡ ਯੂਨੀਅਨਾਂ ਅਤੇ ਹੋਰ ਅਮਨ ਪੱਖੀ ਸੰਸਥਾਵਾਂ ਦੇ ਨਾਲ ਪ੍ਰਦਰਸ਼ਿਤ ਕਰਦੇ ਹੋਏ ਦੇਖਿਆ ਜਾ ਸਕਦਾ ਹੈ।





# ਬੋਧੀ ਭਾਈਚਾਰੇ ਵੱਲੋਂ ਤਹਿਸੀਲ ਕੰਪਲੈਕਸ, ਜਲੰਧਰ ਦੇ ਬਾਹਰ ਧਰਨਾ ਤੇ ਭੁੱਖ ਹੜਤਾਲ ਕੀਤੀ ਗਈ











**ਜਲੰਧਰ,26 ਜੂਨ (ਪਰਮਜੀਤ ਜੱਸਲ)**-ਪੂਰੇ ਭਾਰਤ ਵਿੱਚ ਬੋਧੀ ਭਾਈਚਾਰੇ ਅਤੇ ਹੋਰ ਸੰਸਥਾਵਾਂ ਵਲੋਂ 26 ਜੂਨ 2026 ਨੂੰ ਇੱਕ ਦਿਨ ਦੀ ਭੁੱਖ ਹੜਤਾਲ ਅਤੇ ਧਰਨੇ ਦਾ ਸਮਾਂਚਾਰ ਪ੍ਰਾਪਤ ਹੋਇਆ ਹੈ। ਇਸੇ ਸਬੰਧ ਵਿੱਚ ਭਿਖਸ਼ੂ ਚੰਦਰ ਕੀਰਤੀ ਜੀ, ਭਿਖਸ਼ੂ ਪ੍ਰਗਿਆ ਪ੍ਰਭਾਕਰ ਫਿਰੋਜ਼ਾਬਾਦ ਯੂ.ਪੀ.ਅਤੇ ਬੋਧੀ ਭਾਈਚਾਰੇ ਵਲੋਂ ਬੋਧ ਗਯਾ ਮਹਾਂ ਵਿਹਾਰ ਮੁਕਤੀ ਅੰਦੋਲਨ ਦੇ ਤਹਿਤ ਅੱਜ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ ਤਹਿਸੀਲ ਕੰਪਲੈਕਸ, ਜਲੰਧਰ ਦੇ ਬਾਹਰ ਧਰਨਾ ਅਤੇ ਭੁੱਖ ਹੜਤਾਲ ਕੀਤੀ ਗਈ। ਇਸ ਮੌਕੇ ਤੇ ਬੋਧੀ ਆਗੂਆਂ , ਭਿਖਸ਼ੂਆਂ ਅਤੇ ਬੁੱਧੀਜੀਵੀਆਂ ਵਲੋਂ ਮਾਨਯੋਗ ਜੀ.ਏ .ਟੂ ਡੀ.ਸੀ. ਨੂੰ ਮੈਮੋਰੰਡਮ ਦਿੱਤਾ ਗਿਆ। ਬੋਧੀ ਆਗੂਆਂ ਨੇ ਭਾਰਤ ਸਰਕਾਰ ਅਤੇ ਬਿਹਾਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੋਧ ਗਯਾ ਬੁੱਧ ਮਹਾਂਵਿਹਾਰ ਦਾ ਪੂਰਨ ਕੰਟਰੋਲ ਨਿਰੋਲ ਬੋਧੀਆਂ ਦੇ ਹਵਾਲੇ ਕੀਤਾ ਜਾਵੇ ਅਤੇ ਬੋਧ ਗਯਾ ਐਕਟ 1949 ਨੂੰ ਰੱਦ ਕੀਤਾ ਜਾਵੇ। ਮੰਗ ਪੱਤਰ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕੀਤੀ ਜਾਵੇ ,ਘੱਟ ਗਿਣਤੀ ਕਮਿਸ਼ਨ ਵਿੱਚ ਬੋਧੀਆਂ ਨੂੰ ਨੁਮਾਇੰਦਗੀ ਦਿੱਤੀ ਜਾਵੇ। ਇਸ ਮੌਕੇ 'ਤੇ ਭਿਖਸ਼ੂ ਚੰਦਰ ਕੀਰਤੀ ਤਰਖਾਣ ਮਾਜਰਾ, ਭਿਖਸ਼ੂ ਪ੍ਰਗਿਆ ਪ੍ਰਭਾਕਰ ਫਿਰੋਜ਼ਾਬਾਦ ਯੂਪੀ,ਐਡਵੋਕੇਟ ਹਰਭਜਨ ਸਾਂਪਲਾ, ਪ੍ਰੋਫੈਸਰ ਬਲਵੀਰ ਪ੍ਰਧਾਨ ਡਾ. ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ) ਪੰਜਾਬ, ਚੰਚਲ ਬੌਧ,ਹੁਸਨ ਲਾਲ ਬੌਧ,ਗੁਰਮੀਤ ਸਾਂਪਲਾ, ਲਹਿੰਬਰ ਬੰਗੜ, ਪ੍ਰਸ਼ੋਤਮ ਦਾਦਰਾ, ਲਾਲ ਚੰਦ ਸਾਂਪਲਾ ,ਚਮਨ ਸਾਂਪਲਾ, ਹੇਮ ਰਾਜ ਰੱਤੂ, ਮਨਜੀਤ ਸਿੰਘ ,ਨਿਰਮਲ ਬਿੰਜੀ, ਰਜਿੰਦਰ ਕੁਮਾਰ ਜੱਸਲ, ਪ੍ਰਿੰਸੀਪਲ ਪਰਮਜੀਤ ਜੱਸਲ, ਡਾ. ਸਤਪਾਲ, ਹੁਸਨ ਲਾਲ ਫੂਲਪੁਰ ਧਨਾਲ ਆਦਿ ਦਿੱਤਾ ਗਿਆ ਉਪਾਸਕ ਹਾਜ਼ਰ ਹੋਏ। ਅੰਤ ਵਿੱਚ ਐਡਵੋਕੇਟ ਹਰਭਜਨ ਸਾਂਪਲਾ ਜੀ ਨੇ ਧਰਨੇ ਵਿੱਚ ਬੈਠੇ ਬੋਧੀ ਪਾਸਕਾ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ॥

## ਪਾਕਿਸਤਾਨੀ ਫਨਕਾਰਾ ਫਲਕ ਇਜ਼ਾਜ਼ ਦਾ 'ਜਿੰਦ ਦਾ ਰੋਗ' ਟਰੈਕ ਰਿਲੀਜ਼



**ਸਮਾਗਮ ਦੀ ਸਮੂਹਿਕ ਤਸਵੀਰ**

**ਵੈਨਕੂਵਰ, 26 ਜੂਨ (ਮਲਕੀਤ ਸਿੰਘ)** – ਕੈਨੇਡਾ ਦੇ ਸਰੀ ਸ਼ਹਿਰ ਵਿੱਚ ਪੰਜਾਬੀ ਸਾਹਿਤਕ ਮਾਹੌਲ ਦੌਰਾਨ ਪਾਕਿਸਤਾਨ ਦੀ ਪ੍ਰਸਿੱਧ ਗਾਇਕਾ ਫਲਕ ਇਜ਼ਾਜ਼ ਦਾ ਨਵਾਂ ਸਿੰਗਲ ਟਰੈਕ 'ਜਿੰਦ ਦਾ ਰੋਗ' ਰਿਲੀਜ਼ ਕੀਤਾ ਗਿਆ। ਇਹ ਗ਼ਜ਼ਲ ਸਰੀ ਦੀ ਨਾਮਵਰ ਸ਼ਾਇਰਾ ਬਿੰਦੂ ਮਠਾੜੂ ਵੱਲੋਂ ਲਿਖੀ ਗਈ ਹੈ, ਜਿਸ ਨੂੰ ਫਲਕ ਇਜ਼ਾਜ਼ ਨੇ ਆਪਣੀ ਮਿੱਠੀ ਅਤੇ ਸੁਰੀਲੀ ਆਵਾਜ਼ ਨਾਲ ਗਾਇਆ ਹੈ। 'ਜਿੰਦ ਦਾ ਰੋਗ' ਦੇ ਰਿਲੀਜ਼ ਮੌਕੇ ਉੱਘੇ ਸ਼ਾਇਰ ਕੁਵਿੰਦਰ ਚਾਂਦ ਨੇ ਫਲਕ ਇਜ਼ਾਜ਼ ਦੀ ਗਾਇਕੀ ਅਤੇ ਰਿਕਾਰਡਿੰਗ ਪ੍ਰਕਿਰਿਆ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਹ ਗੀਤ ਰੂਹ ਨੂੰ ਸਕੂਨ ਦੇਣ ਵਾਲੀ ਪੇਸ਼ਕਾਰੀ ਹੈ। ਸੰਜੀਦਾ ਸ਼ਾਇਰ ਅਮਰੀਕ ਪਲਾਹੀ ਨੇ ਵੀ ਟਰੈਕ ਬਾਰੇ ਆਪਣੇ ਵਿਚਾਰ ਰੱਖੇ। ਇਸ ਮੌਕੇ ਨਾਟਕਕਾਰਾ ਪਰਮਿੰਦਰ ਸਵੈਚ, ਕਹਾਣੀਕਾਰਾ ਜਸਵੀਰ ਮਾਨ, ਡਾ. ਜਸਮਨਪ੍ਰੀਤ, ਨਿਰਮਲ ਗਿੱਲ, ਦਵਿੰਦਰ ਬਚਰਾ, ਨਗਿੰਦਰ ਢਿੱਲੋਂ, ਨਵਦੀਪ ਗਿੱਲ, ਪ੍ਰੀਤਪਾਲ ਪੂੰਨੀ, ਬਲਜਿੰਦਰ ਸੰਧੂ, ਹਰਪ੍ਰੀਤ,ਗੁਰਮਿੰਦਰ ਸਿੱਧੂ,ਹਰਜਿੰਦਰ, ਕਰਮਜੀਤ ਸਿੰਘ, ਮਹਿੰਦਰ ਕੌਰ ਅਤੇ ਹੋਰ ਸਾਹਿਤਕ ਸ਼ਖ਼ਸੀਅਤਾਂ ਹਾਜ਼ਰ ਸਨ।

## ਝੂਠ ਸੱਚ ਦੀ ਅਦਾਲਤ

ਝੂਠ ਜਦ ਸੱਚ ਦੀ ਅਦਾਲਤ 'ਚੋਂ ਬਰੀ ਹੋ ਜਾਵੇ,
ਸਮਝ ਲੈਣਾ ਰਿਵਾਇਤ ਦਾ ਅਸਰ ਗਹਿਰਾ ਹੈ।
ਸਾਮ, ਦਾਮ, ਦੰਡ, ਭੇਦ ਸਭੇ ਦਰਬਾਰ ਅੰਦਰ,
ਨਿਆਂ ਨੂੰ ਭਰਮ ਹੈ ਨਿਰਪੱਖਤਾ ਦਾ ਪਹਿਰਾ ਹੈ।
ਧਾੜ ਹੈ, ਛਹਿ ਹੈ, ਦਲਾਲੀ 'ਚ ਤੱਥ ਵਿਕਾਊ ਨੇ,
ਮੋੜ-ਮੋੜ ਉੱਤੇ ਜ਼ਬਤ-ਓ-ਦਮਨ ਠਹਿਰਾ ਹੈ।
ਚੁੱਪ ਅਸੀਮ ਹੈ, ਇਮਾਮ ਸਹਿਮਿਆ, ਭੈ-ਭੀਤ,
ਇਸ ਬਜ਼ਾਰ ਦਾ ਇਮਾਨ-ਓ-ਮੁਨਸਫ਼ ਬੇਹਰਾ ਹੈ।
ਭਗਵੇਂ ਰੰਗ ਵਿੱਚ ਫਰੇਬ ਬਿਰਤੀ ਕਾਇਮ ਹੈ,
ਇੰਦਰਜਾਲ ਹੈ, ਸ਼ਿਕਾਰੀਆਂ ਦਾ ਲਹਿਰਾ ਹੈ।



**ਦੀਪ ਸੰਧੂ**

**+61 459 966 392**

## ਗਮ ਹਾਸਿਆਂ ਵਿੱਚ

ਕਿਉਂ ਲਬਾਂ ਤੇ ਜਿੰਦਰਾ ਲਾਇਆ ਏ..
ਗਮ ਹਾਸਿਆਂ ਵਿੱਚ ਛੁਪਾਇਆ ਏ।
ਕਦੇ ਕੋਲ ਬਿਠਾ ਕੇ ਦੱਸ ਦੇਵੀਂ
ਜੋ ਦਿਲ ਦੇ ਵਿਚ ਲੁਕਾਇਆ ਏ ।
ਕੋਈ ਲੱਗੀ ਸੱਟ ਜਰੂਰ ਹੋਊ
ਤਾਹੀਉਂ ਰਾਹ ਵੱਖਰਾ ਅਪਣਾਇਆ ਏ ।
ਲੱਖਾਂ ਸਵਾਲ ਜੋਂ ਮਨ ਵਿੱਚ ਉਲਝੇ ਨੇ..
ਤੇਰਾ ਰਾਹ ਓਹਨਾ ਉਲਝਾਇਆ ਏ।
ਕਦੇ ਕਰੀਂ ਕੋਸ਼ਿਸ਼ ਮਿਲਣ ਦੀ ਆਪਣੇ ਆਪ ਨੂੰ..
ਮੈਨੂੰ ਹੱਲ ਇਹੀ ਲੁਭਾਇਆ ਏ ।
ਲੱਖਾਂ ਅਰਮਾਨ ਸੰਜੋਏ ਸੀ ਤੂੰ ਅੱਖਾਂ ਵਿੱਚ ਜੋ..
ਅੱਜ ਦਰਦ ਓਹਨਾ ਛਲਕਾਇਆ ਏ।
ਸਾਰੇ ਸ਼ਾਇਦ ਬੇਇਤਬਾਰੇ ਨਹੀਂ ਹੁੰਦੇ ..
ਪਰ ਤੂੰ ਸਭ ਤੇ ਠੱਪਾ ਲਾਇਆ ਏ ।
ਜੋ ਪੜ੍ਹਿਆ ਸੀ ਜੋ ਸਮਝਿਆ ਸੀ..
ਕਲਮ ਓਹੀ ਐਸ ਪੀ ਤੋਂ ਲਿਖਵਾਇਆ ਏ।



**ਸਤਿੰਦਰ ਪਾਲ ਸਿੰਘ**
**ਲੈਕਚਰਾਰ ਫਿਜ਼ਿਕਸ**
**9888045355**

# ਸਾਹਿਤ ਅਕਾਦਮੀ ਲੁਧਿਆਣਾ ਦੇ ਸੰਵਿਧਾਨ ਵਿੱਚ ਸੋਧਾਂ ਕਾਹਲ ਵਿੱਚ ਨਾ ਕੀਤੀਆਂ ਜਾਣ - ਮਿੱਤਰ ਸੈਨ ਮੀਤ

ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰ ਅਕਾਦਮੀ ਦੇ ਸੰਵਿਧਾਨਕ 'ਮੂਲ ਢਾਂਚੇ' ਵਿੱਚ ਸੋਧਾਂ ਕਰਨ ਜਾ ਰਹੇ ਹਨ। ਅਕਾਦਮੀ ਦੀ ਇਮਾਰਤ 10,000 ਵਰਗ ਗਜ਼ ਵਿੱਚ ਬਣੀ ਹੋਈ ਹੈ। ਅੱਜ ਇਕੱਲੀ ਜ਼ਮੀਨ ਦਾ ਬਾਜ਼ਾਰੂ ਮੁੱਲ 100 ਕਰੋੜ ਰੁਪਏ ਦੇ ਲਗਭਗ ਹੈ। ਕਾਹਲ ਵਿੱਚ ਕੀਤੀ ਗਈ ਕੋਈ ਵੀ ਸੋਧ ਜਿੱਥੇ ਅਕਾਦਮੀ ਦੇ ਮਾਲੀ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ, ਉੱਥੇ ਪ੍ਰਬੰਧਕੀ ਢਾਂਚੇ 'ਤੇ ਕਾਬਜ਼ ਧੜੇ ਦੇ ਕਬਜ਼ੇ ਨੂੰ ਵੀ ਪੱਕਾ ਕਰ ਸਕਦੀ ਹੈ। ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਫੌਰੀ ਤੌਰ 'ਤੇ ਕਦਮ ਚੁੱਕਣੇ ਜ਼ਰੂਰੀ ਹਨ। ਅਕਾਦਮੀ ਦੇ ਕੁਝ ਸੁਹਿਰਦ ਮੈਂਬਰਾਂ ਵੱਲੋਂ ਮੇਰੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਲਦੀ ਹੀ ਅਕਾਦਮੀ ਦੇ ਸੰਵਿਧਾਨ ਵਿੱਚ ਸੋਧ ਹੋਣ ਜਾ ਰਹੀ ਹੈ। ਕੁਝ ਹੋਰ ਮੈਂਬਰਾਂ ਵੱਲੋਂ ਮੈਨੂੰ ਜਨਰਲ ਸਕੱਤਰ ਵੱਲੋਂ ਮਿਤੀ 17 ਜੂਨ 2026 ਨੂੰ ਇਸ ਵਿਸ਼ੇ 'ਤੇ ਲਿਖੀ ਚਿੱਠੀ ਵੀ ਭੇਜੀ ਗਈ। ਚਿੱਠੀ ਪੜ੍ਹ ਕੇ ਹੈਰਾਨੀ ਹੋਈ ਕਿ ਮੈਂਬਰਾਂ ਨੂੰ ਸੋਧਾਂ ਸੁਝਾਉਣ ਲਈ ਕੇਵਲ ਨੌਂ ਦਿਨਾਂ ਦਾ ਸਮਾਂ ਦਿੱਤਾ ਗਿਆ। ਸੁਝਾਅ ਮਿਤੀ 25 ਜੂਨ 2026 ਤੱਕ ਮੰਗੇ ਗਏ ਹਨ। ਹੈਰਾਨੀ ਇਸ ਗੱਲ 'ਤੇ ਵੀ ਹੋਈ ਕਿ ਮੈਂਬਰਾਂ ਨੂੰ ਇਹ ਚਿੱਠੀ ਅਕਾਦਮੀ ਦੀ ਈਮੇਲ ਆਈਡੀ 'ਤੇ ਹੀ ਭੇਜੀ ਗਈ ਹੈ। ਕਿਹੜੀਆਂ ਸੋਧਾਂ ਹੋਣ ਦੀ ਸੰਭਾਵਨਾ ਹੈ? ਇਹ ਪੁੱਛੇ ਜਾਣ 'ਤੇ ਪ੍ਰਬੰਧਕੀ ਬੋਰਡ ਦੇ ਕੁਝ ਮਿੱਤਰ ਮੈਂਬਰਾਂ ਵੱਲੋਂ ਦੱਸਿਆ ਗਿਆ ਕਿ ਮੁੱਖ ਸੋਧ ਅਹੁਦੇਦਾਰਾਂ ਦੇ ਚੋਣ ਲੜਨ ਵਾਲੀਆਂ ਯੋਗਤਾ ਸ਼ਰਤਾਂ ਵਿੱਚ ਕੀਤੀ ਜਾ ਸਕਦੀ ਹੈ ਅਤੇ ਅਕਾਦਮੀ ਦੇ ਪ੍ਰਬੰਧਕੀ ਬੋਰਡ ਦੀ ਮਿਆਦ ਦੋ ਸਾਲ ਤੋਂ ਵਧਾ ਕੇ ਤਿੰਨ ਜਾਂ ਚਾਰ ਸਾਲ ਕਰਨ ਦੀ ਸੰਭਾਵਨਾ ਵੀ ਹੈ।

ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਪਹਿਲਾਂ ਮੇਰੀ ਈਮੇਲ ਆਈਡੀ ਮਿਟਟੲਰsian-meet@hotmial.com ਸੀ। ਕਿਸੇ ਕਾਰਨ ਉਹ ਆਈਡੀ ਬੰਦ ਹੋ ਗਈ। ਫਿਰ ਮੈਨੂੰ ਨਵੀਂ ਆਈਡੀ mittersainmeet@hot-mail.com ਬਣਾਉਣੀ ਪਈ। ਕੁਝ ਸਮਾਂ ਪਹਿਲਾਂ ਮੈਂ ਅਕਾਦਮੀ ਦੇ ਦਫ਼ਤਰ ਵਿੱਚ ਜਾ ਕੇ ਆਪਣੀ ਨਵੀਂ ਈਮੇਲ ਆਈਡੀ ਦੀ ਜਾਣਕਾਰੀ ਦਫ਼ਤਰ ਮੁਖੀ ਨੂੰ ਦੇ ਦਿੱਤੀ ਸੀ। 2026 ਵਾਲੀ ਮੈਂਬਰ ਸੂਚੀ ਵਿੱਚ ਮੇਰੀਆਂ ਦੋਵੇਂ ਆਈਡੀਆਂ ਦਰਜ ਹਨ। ਹੁਣ ਮੈਨੂੰ ਅਕਾਦਮੀ ਦੇ ਸੁਨੇਹੇ ਮੇਰੀ ਜੀਮੇਲ ਵਾਲੀ ਆਈਡੀ 'ਤੇ ਨਹੀਂ ਭੇਜੇ ਜਾ ਰਹੇ। ਸ਼ਾਇਦ ਇੰਝ ਜਾਣ-ਬੁੱਝ ਕੇ ਕੀਤਾ ਜਾ ਰਿਹਾ ਹੈ ਤਾਂ ਜੋ ਮੈਨੂੰ ਅਕਾਦਮੀ ਦੀ ਚਿੱਠੀ ਪ੍ਰਾਪਤ ਹੀ ਨਾ ਹੋਵੇ ਅਤੇ ਮੈਂ ਅਕਾਦਮੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਨਾ ਲੈ ਸਕਾਂ। ਮੇਰਾ ਨਾਂ ਅਕਾਦਮੀ ਦੇ ਵਟਸਐਪ


ਮਿੱਤਰ ਸੈਨ ਮੀਤ

ਗਰੁੱਪ ਵਿੱਚ ਵੀ ਸ਼ਾਮਲ ਨਹੀਂ ਹੈ। ਇੰਝ ਅਕਾਦਮੀ ਦੇ ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਸੋਧਾਂ ਬਾਰੇ ਮੈਨੂੰ ਕਿਸੇ ਵੀ ਸਾਧਨ ਰਾਹੀਂ ਸੂਚਿਤ ਨਹੀਂ ਕੀਤਾ ਗਿਆ।ਅਕਾਦਮੀ ਦੀ ਸਥਾਪਨਾ ਦੇ ਨੇੜੇ-ਤੇੜੇ ਹੀ, ਕਰੀਬ 70 ਸਾਲ ਪਹਿਲਾਂ ਸ਼ਾਇਦ 1956 ਵਿੱਚ ਇਹ ਸੰਵਿਧਾਨ ਲਿਖਿਆ ਗਿਆ ਸੀ। ਉਸ ਸਮੇਂ ਅਕਾਦਮੀ ਦੀ ਕਮਾਨ ਡਾ. ਭਾਈ ਜੋਧ ਸਿੰਘ, ਮਹਿੰਦਰ ਸਿੰਘ ਰੰਧਾਵਾ ਅਤੇ ਪ੍ਰੋ. ਪ੍ਰੀਤਮ ਸਿੰਘ ਵਰਗੇ ਵਿਸ਼ਵ-ਪ੍ਰਸਿੱਧ ਵਿਦਵਾਨਾਂ ਦੇ ਹੱਥ ਵਿੱਚ ਸੀ। ਇਸ ਲਈ ਸੰਵਿਧਾਨ ਵਿੱਚ ਦਰਜ ਹਰ ਇੱਕ ਅੱਖਰ ਸੋਚ-ਵਿਚਾਰ ਤੋਂ ਬਾਅਦ ਲਿਖਿਆ ਗਿਆ। ਮੇਰੇ ਖਿਆਲ ਅਨੁਸਾਰ, ਇਸੇ ਲਈ ਅਗਲੇ 50 ਸਾਲਾਂ ਵਿੱਚ ਸੰਵਿਧਾਨ ਵਿੱਚ ਕੋਈ ਸੋਧ ਨਹੀਂ ਹੋਈ। ਪਿਛਲੇ 20 ਕੁ ਸਾਲਾਂ ਤੋਂ ਸੰਵਿਧਾਨ ਵਿੱਚ ਲਗਾਤਾਰ ਸੋਧਾਂ ਹੋ ਰਹੀਆਂ ਹਨ। ਪਹਿਲੇ ਪ੍ਰਬੰਧਕੀ ਬੋਰਡ ਵੱਲੋਂ ਕੀਤੀਆਂ ਗਈਆਂ ਸੋਧਾਂ ਨੂੰ ਅਗਲਾ ਬੋਰਡ ਰੱਦ ਕਰ ਦਿੰਦਾ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਕਰਨ ਵਾਲੀਆਂ ਸੋਧਾਂ ਕਰ ਲੈਂਦਾ ਹੈ। ਸ਼ਾਇਦ ਹੁਣ ਕੀਤੀਆਂ ਜਾਣ ਵਾਲੀਆਂ ਸੋਧਾਂ ਦਾ ਉਦੇਸ਼ ਵੀ ਇਹੋ ਹੀ ਹੋਵੇ।

ਇੱਥੇ ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਾਨੂੰਨ, ਖਾਸ ਕਰ ਸੰਵਿਧਾਨ ਵਿੱਚ ਸੋਧ ਕਰਨੀ ਇੰਨੀ ਆਸਾਨ ਨਹੀਂ ਹੁੰਦੀ। ਇਹ ਕੰਮ ਕਾਨੂੰਨੀ ਮਾਹਿਰਾਂ ਦਾ ਹੈ। ਸੰਵਿਧਾਨ ਵਿੱਚ ਨਿਸ਼ਚਿਤ ਚੋਣ ਪ੍ਰਕਿਰਿਆ, ਖਾਸ ਕਰ ਅਹੁਦੇਦਾਰਾਂ ਦੀਆਂ ਨਿਸ਼ਚਿਤ ਯੋਗਤਾਵਾਂ ਅਤੇ ਪ੍ਰਬੰਧਕੀ ਬੋਰਡ ਦੀ ਮਿਆਦ ਨੂੰ ਸੰਵਿਧਾਨ ਦਾ ‘ਮੂਲ’ ਜਾਂ ‘ਬੁਨਿਆਦੀ’ ਢਾਂਚਾ ਆਖਿਆ ਜਾਂਦਾ ਹੈ। ਇਸ ਢਾਂਚੇ ਵਿੱਚ ਸੋਧ ਦੀ ਆਗਿਆ ਉਸ ਸਮੇਂ ਹੀ ਦਿੱਤੀ ਜਾਂਦੀ ਹੈ ਜਦੋਂ ਇਸ ਦੀ ਬੇਹੱਦ ਲੋੜ ਹੋਵੇ। ਉਦਾਹਰਣ ਲਈ ਜੇ ਮੈਂ ਕਹਾਂ ਕਿ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਚੋਣ ਕੇਵਲ ਲੁਧਿਆਣਾ ਜ਼ਿਲ੍ਹੇ ਵਿੱਚ ਰਹਿਣ ਵਾਲੇ ਮੈਂਬਰ ਹੀ ਲੜਨ। ਇਸ ਵਿਵਸਥਾ ਲਈ ਇਹ ਤਰਕ ਦੇਵਾਂ ਕਿ ਬਾਹਰੋਂ ਆਉਣ ਵਾਲੇ ਪ੍ਰਧਾਨ ਅਤੇ ਜਨਰਲ ਸਕੱਤਰ ਅਕਾਦਮੀ ਦੇ ਪ੍ਰਬੰਧ ਨੂੰ ਸਹੀ ਢੰਗ ਨਾਲ ਨਹੀਂ ਚਲਾ ਸਕਦੇ। ਸੁਣਨ ਵਿੱਚ ਇਹ ਸੁਝਾਅ ਉਸਾਰੂ ਲੱਗੇਗਾ ਪਰ ਕਾਨੂੰਨ ਇਸ ਨੂੰ ਲਾਗੂ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ ਕਿਉਂਕਿ ਇੰਝ ਹੋਣ ਨਾਲ ਲੁਧਿਆਣੇ ਤੋਂ ਬਾਹਰ ਰਹਿੰਦੇ ਹਜ਼ਾਰਾਂ ਮੈਂਬਰਾਂ ਦਾ ਪ੍ਰਧਾਨ ਜਾਂ ਜਨਰਲ ਸਕੱਤਰ ਬਣਨ ਦਾ ਹੱਕ ਮਾਰਿਆ ਜਾਵੇਗਾ।

ਅਗਲੀ ਚੋਣ ਵਿੱਚ ਪੌਣੇ ਦੋ ਸਾਲ ਰਹਿੰਦੇ ਹਨ। ਇਸ ਲਈ ਸੰਵਿਧਾਨ ਵਿੱਚ ਫੌਰੀ ਸੋਧ ਦੀ ਕੋਈ ਲੋੜ ਨਹੀਂ ਹੈ। ਫਿਰ ਵੀ ਜੇ ਕਿਸੇ ਸੋਧ ਦੀ ਲੋੜ ਹੈ ਤਾਂ ਸੋਧ ਤੋਂ ਪਹਿਲਾਂ ਮੇਰੇ ਹੇਠਲੇ ਸੁਝਾਵਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਅੱਗੇ ਜਾ ਕੇ ਸੰਵਿਧਾਨ ਵਿੱਚ ਕੀਤੀਆਂ ਸੋਧਾਂ ਕਿਸੇ ਕਾਨੂੰਨੀ ਅੜਚਨ ਦਾ ਸ਼ਿਕਾਰ ਨਾ ਹੋ ਜਾਣ।

**ਸੁਝਾਅ**

1. ਅਕਾਦਮੀ ਦੇ ਹਰ ਮੈਂਬਰ ਨਾਲ, ਹਰ ਢੰਗ-ਤਰੀਕਾ ਵਰਤ ਕੇ ਸੰਪਰਕ ਕੀਤਾ ਜਾਵੇ। ਡਾਕ ਰਾਹੀਂ ਰਜਿਸਟਰਡ ਪੱਤਰ ਭੇਜ ਕੇ, ਟੈਲੀਫੋਨ ਕਰਕੇ, ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਅਤੇ ਸੋਸ਼ਲ ਮੀਡੀਆ ਰਾਹੀਂ ਸੰਪਰਕ ਕਰਕੇ, ਸੁਝਾਅ ਮੰਗੇ ਜਾਣ।
2. ਸਾਰੇ ਸੁਝਾਵਾਂ ਨੂੰ ਇਕੱਠੇ ਕਰਕੇ ਸੰਪਾਦਿਤ ਕਰ ਲਿਆ ਜਾਵੇ।
3. ਸੁਝਾਵਾਂ ਦਾ ਖਰੜਾ, ਇੱਕ ਵਾਰ ਫਿਰ ਉਸੇ ਤਰ੍ਹਾਂ ਮੈਂਬਰਾਂ ਨੂੰ ਸੋਚ-ਵਿਚਾਰ ਲਈ ਭੇਜਿਆ ਜਾਵੇ। ਮੈਂਬਰਾਂ ਨੂੰ ਖੁੱਲ੍ਹਾ ਸਮਾਂ ਦੇ ਕੇ ਉਨ੍ਹਾਂ ਦੇ ਸੁਝਾਅ ਮੰਗੇ ਜਾਣ।
4. ਹਰ ਸਬੰਧਤ ਮੈਂਬਰ ਅਤੇ ਅਹੁਦੇਦਾਰ ਦੇ ਸੁਝਾਵਾਂ 'ਤੇ ਸਹਿਮਤੀ ਬਣਨ ਬਾਅਦ, ਸੁਝਾਵਾਂ ਦੇ ਖਰੜੇ ਦੀ ਕਿਸੇ ਸੁਲਝੇ ਹੋਏ ਵਕੀਲ ਤੋਂ ਕਾਨੂੰਨੀ ਪੜਤਾਲ ਕਰਵਾ ਲਈ ਜਾਵੇ।
5. ਸੰਵਿਧਾਨ ਸੋਧ ਕਮੇਟੀ ਵਿੱਚ ਘੱਟੋ-ਘੱਟ ਕਿਸੇ ਇੱਕ ਸੁਲਝੇ ਹੋਏ ਵਕੀਲ ਨੂੰ ਵੀ ਸ਼ਾਮਲ ਕਰ ਲਿਆ ਜਾਵੇ।
6. ਸੋਧਾਂ ਲਈ ਦਿੱਤਾ ਜਾਣ ਵਾਲਾ ਸਮਾਂ ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਅਨੁਸਾਰ ਘੱਟੋ-ਘੱਟ 21 ਦਿਨ ਦਾ ਹੋਵੇ।

# ਹਾਸ ਵਿਅੰਗ/ ਆਮ ਕੇ ਆਮ, ਗੁਠਲੀਓ ਕੇ ਦਾਮ



ਤਿੰਨ ਕੁ ਦਹਾਕੇ ਵਿਦੇਸ਼ ਵਿੱਚ ਰਹਿੰਦਿਆਂ, ਇਸ ਵਾਰ ਜਦੋਂ ਜਨਮ-ਭੂਮੀ ਦੀ ਫੇਰੀ ਪਾਈ ਤਾਂ ਕੋਰੋਨਾ ਦੇ ਕਹਿਰ ਨੇ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ। ਖੂਹ ਦੇ ਚੱਕ ਵਾਂਗ, ਜਿੱਥੇ ਰੱਖ ਦਿੱਤਾ ਗਿਆ, ਕੀ ਮਜਾਲ ਜੋ ਬਦਲਿਆ ਜਾਵੇ। ਸਰਕਾਰਾਂ ਦੇ ਹੁਕਮ: ਆਪੋ-ਆਪਣੇ ਘਰਾਂ ਵਿੱਚ 'ਇਕਾਂਤਵਾਸ ਦਾ ਅਭਿਆਸ' ਕਰੋ। ਸੋ, ਘਰ ਦੀ ਖਿੜਕੀ ਵਿੱਚੋਂ ਖ਼ਾਲੀ ਸੜਕ ਨੂੰ ਦੇਖ-ਦੇਖ ਦਿਲ ਦੱਬਦਾ ਰਹਿੰਦਾ। ਦੋ-ਢਾਈ ਮਹੀਨਿਆਂ ਪਿੱਛੋਂ ਕੁਝ ਚਹਿਲ-ਪਹਿਲ ਹੋਣ ਲੱਗੀ ਤਾਂ ਸਬਜ਼ੀ ਅਤੇ ਫਲਾਂ ਦੀਆਂ ਰੇਹੜੀਆਂ ਵਾਲਿਆਂ ਨੇ ਗਲੀਆਂ ਵਿੱਚ ਆ ਰੌਣਕਾਂ ਲਾ ਦਿੱਤੀਆਂ। ਜੇਠ-ਹਾੜ੍ਹ ਦੇ ਦਿਨ, ਅੰਬਾਂ-ਖਰਬੂਜ਼ਿਆਂ ਦਾ ਜੋਬਨ, ਭਾਂਤ-ਭਾਂਤ ਦੀਆਂ ਆਵਾਜ਼ਾਂ ਦੇ ਨਾਲ 'ਸੇਲ-ਪ੍ਰੋਮੋਸ਼ਨ' ਹੋਣ ਲੱਗੀ। ਸਾਡੀ ਜੀਭ ਨੇ ਵੀ ਅੰਬਾਂ ਦੇ ਸਵਾਦ ਲਈ ਰਾਲ ਟਪਕਾਈ ਅਤੇ ਨਾਲ ਹੀ ਚਤੁਰ ਦਿਮਾਗ਼ ਨੇ ਆਪਣੇ ਵੱਲੋਂ ਸਾਨੂੰ ਬੁਝਾਰਤ ਪਾ ਦਿੱਤੀ ਕਿ ਪੰਜਾਬੀ ਪੜ੍ਹ ਕੇ 'ਡਾਕਟਰ' ਬਣੇ ਫਿਰਦੇ ਹੋ, ਭਲਾ ਇਹ ਦੱਸੋ ਕਿ ਇਹ ਮੁਹਾਵਰਾ 'ਆਮ ਕੇ ਆਮ, ਗੁਠਲੀਆਂ ਕੇ ਦਾਮ' ਕਿਸ ਦੀ ਕਾਢ ਹੈ, ਕਿਸ ਸਮੇਂ ਹੋਂਦ ਵਿੱਚ ਆਈ, ਇਹ ਕਿਸ ਇਲਾਕੇ ਤੋਂ ਅੰਬਾਂ ਵਾਂਗ ਘਰ-ਘਰ ਪਹੁੰਚੀ? ਕੀ ਕਿਸੇ ਅੰਬਾਂ ਦੇ ਵਪਾਰੀ ਦੀ ਈਜਾਦ ਹੈ ਜਾਂ ਅੰਬਾਂ ਦੇ ਰਸੀਏ ਦੀ? ਇਸ ਦਾ ਅਸਲ ਮੰਤਵ ਕੀ ਸੀ ਅਤੇ ਅੱਜ-ਕੱਲ੍ਹ ਦੇ ਸੰਦਰਭ ਵਿੱਚ ਕਿਵੇਂ ਦੇਖਿਆ ਜਾਂਦਾ ਹੈ? ਤੋਬਾ-ਤੋਬਾ, ਐਨੇ ਸਵਾਲ ਇੱਕੋ ਵੇਲੇ? ਅਸੀਂ ਕਈ ਭਾਸ਼ਾਵਾਂ ਦੀਆਂ 'ਪੀ.ਡੀ.ਐਫ਼' ਫਰੋਲ ਮਾਰੀਆਂ; ਗੂਗਲ ਵੀ ਘੋਖ ਲਿਆ, ਪਰ ਪਤਾ ਕੁਝ ਨਾ ਚੱਲਿਆ। ਕਹਿੰਦੇ-ਕਹਾਉਂਦੇ ਭਾਸ਼ਾ-ਵਿਗਿਆਨ ਦੇ ਡਾਕਟਰਾਂ ਨੂੰ ਪੁੱਛਿਆ, ਪਰ ਉਹ ਵੀ ਕਹਿੰਦੇ ਕਿ ਤੂੰ ਤਾਂ ਸ਼ੁਦਾਈ ਹੋ ਗਿਆ ਹੈਂ, ਅੰਬ ਦਾ ਗੁੱਦਾ ਖਾ, ਗੁਠਲੀ ਨੂੰ ਚੂਪ ਅਤੇ ਵਗਾਹ ਕੇ ਬਾਹਰ ਮਾਰ। ਐਵੇਂ ਆਪਣੀ ਜਾਨ ਨੂੰ ਜੰਜਾਲ ਪਾਈ ਜਾਣਾ ਤੇ ਸਾਨੂੰ ਵੀ ਲਪੇਟੇ ਵਿੱਚ ਲੈਣ ਲੱਗਾ। ਇੱਥੋਂ ਨਾਂਹ-ਪੱਖੀ ਜਵਾਬ ਲੈ ਕੇ ਅਸੀਂ ਇਹ ਕਹਿੰਦੇ ਹੋਏ ਤੁਰ ਪਏ ਕਿ ਅੰਬ ਵਿੱਚ ਗੁਠਲੀ ਛੁਪੀ ਹੁੰਦੀ ਹੈ ਅਤੇ ਗੁਠਲੀ ਵਿੱਚ ਅੰਬ। ਅੰਬ ਦੀ ਖ਼ੁਸ਼ਬੋ ਵਾਂਗੂ, ਸਾਡੀ ਸੋਚ-ਉਡਾਰੀ ਨੇ ਸੰਕੇਤ ਦਿੱਤਾ ਕਿ ਕਿਉਂ ਨਾ ਹੁਣ ਕਿਸੇ ਅੰਬਾਂ ਦੇ ਵਪਾਰੀ ਕੋਲੋਂ ਇਸ ਬਾਰੇ ਪੁੱਛਿਆ ਜਾਵੇ। ਤੜਕਸਾਰ ਹੀ ਮੰਡੀ ਵਿੱਚ ਪਹੁੰਚ ਗਏ ਅਤੇ ਅੰਬਾਂ ਦੀ ਬੋਲੀ ਲਾਉਣ ਵਾਲੇ ਨੂੰ ਪਹਿਲਾਂ ਹੀ ਘੇਰ ਲਿਆ ਅਤੇ ਆਪਣਾ ਸਵਾਲ ਦਾਗ਼ ਦਿੱਤਾ। ਉਸ ਨੇ ਸਾਡੇ ਅੰਬ ਦੇ ਚੂਪੇ ਵਰਗੇ ਮੂੰਹ ਵੱਲ ਦੇਖਿਆ ਅਤੇ ਕਹਿਣ ਲੱਗਾ ਕਿ ਕਮਲਿਆ ਇਨਸਾਨਾਂ, ਅਸੀਂ ਅੰਬ ਵੇਚਦੇ ਹਾਂ, ਕਹਾਵਤਾਂ ਨਹੀਂ। ਉਹਦਾ ਇਹ ਜਵਾਬ ਸੁਣ ਕੇ ਸਾਨੂੰ ਇੱਕ ਪਲ ਤਾਂ ਚੱਕਰ ਆਇਆ ਪਰ ਫਿਰ ਸਮਝ ਦੇ ਖਾਤੇ ਵਿੱਚ ਆ ਗਿਆ ਕਿ ਇਹ ਕਹਿੰਦਾ ਤਾਂ ਠੀਕ ਹੈ। ਸਾਡੀ ਸੋਚ ਵੀ ਚਿੱਚੜ ਵਾਲੀ ਸੀ। ਸਾਨੂੰ ਝੱਟ ਇੱਕ ਹੋਰ ਫੁਰਨਾ ਫੁਰਿਆ ਕਿ ਕਿਉਂ ਨਾ ਕਿਸੇ ਪੱਤਰ-ਪ੍ਰੇਰਕ ਕੋਲੋਂ ਇਸ ਦਾ ਜਵਾਬ ਪੁੱਛਿਆ ਜਾਵੇ। ਉਹ ਅਜਿਹੀਆਂ ਬੁਝਾਰਤਾਂ ਦੇ ਮਾਹਿਰ ਹੁੰਦੇ ਹਨ। ਜੇ ਨਾਂ ਵੀ ਪਤਾ ਹੋਵੇ ਤਾਂ ਵੀ ਕਹਿ ਦਿੰਦੇ ਨੇ ਕਿ 'ਭਰੋਸੇਯੋਗ ਸੂਤਰਾਂ' ਤੋਂ ਪਤਾ ਲੱਗਿਆ ਹੈ। ਇਸ ਹਾਥੀ ਦੀ ਪੈੜ ਵਿੱਚ ਬਹੁਤ ਕੁਝ ਸਮਾ ਜਾਂਦਾ ਹੈ।

ਪੁੱਛਦੇ-ਪਛਾਉਂਦਿਆਂ, ਸਾਨੂੰ ਇੱਕ ਚੰਗਾ ਪੱਤਰ-ਪ੍ਰੇਰਕ ਲੱਭ ਗਿਆ। ਉਸ ਨੂੰ ਮਿਲੇ ਅਤੇ ਆਪਣੇ ਆਉਣ ਦਾ ਮਨੋਰਥ ਦੱਸਿਆ। ਉਹ ਮੁਸਕਰਾ ਕੇ ਕਹਿਣ ਲੱਗਾ ਕਿ ਅੱਜ ਪੰਜਾਬੀ ਆਰਟਸ ਕੌਂਸਲ ਵਾਲਿਆਂ ਦੇ ਸੱਦੇ 'ਤੇ ਮਨੋਰੰਜਨ ਕਰਨ ਵਾਲਿਆਂ ਦੀ ਬਾਹਰੋਂ ਇੱਕ ਮੰਡਲੀ ਆ ਰਹੀ ਹੈ, ਜੋ ਟੈਗੋਰ ਥੀਏਟਰ ਵਿੱਚ ਆਪਣੇ ਸਮੂਹ ਕਲਾਕਾਰਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰੇਗੀ। ਮੈਂ ਸ਼ਾਮ ਨੂੰ ਤੁਹਾਨੂੰ ਉੱਥੇ ਮਿਲਾਂਗਾ ਅਤੇ ਤੁਹਾਡੇ ਸਵਾਲ ਦਾ ਜਵਾਬ ਵੀ ਦੇ ਦੇਵਾਂਗਾ। ਅਸੀਂ ਉਹਦਾ ਧੰਨਵਾਦ ਕੀਤਾ ਅਤੇ ਮਿਲਣ ਦਾ ਵਾਅਦਾ ਕਰਕੇ, ਟੈਗੋਰ ਥੀਏਟਰ ਵੱਲ ਚਾਲੇ ਪਾ ਦਿੱਤੇ ਅਤੇ ਇੱਕ ਟਿਕਟ ਕਾਬੂ ਕਰ ਲਈ। ਤਿੰਨ ਸੌ ਰੁਪਏ ਦੇ ਕੇ, ਅਮਲੀਆਂ ਵਾਂਗੂੰ ਮਨ ਟਿਕਾਣੇ ਆ ਗਿਆ ਕਿ ਸਾਡਾ 'ਖੋਜ-ਕਾਰਜ' ਜ਼ਰੂਰ ਸਿਰੇ ਚੜ੍ਹ ਜਾਵੇਗਾ। ਅਸੀਂ ਬੜੇ ਔਖੇ-ਸੌਖੇ ਸ਼ਾਮ ਪੈਣ ਦਾ ਸਮਾਂ ਉਡੀਕਦਿਆਂ ਲੰਘਾਇਆ।

ਆਪਣੇ ਮਿਹਰਬਾਨ ਪੱਤਰ-ਪ੍ਰੇਰਕ ਨੂੰ ਥੀਏਟਰ ਵਿੱਚ ਬਹੁਤ ਭਾਲਿਆ। ਉਹ ਤਾਂ ਨਾ ਮਿਲੇ ਪਰ ਪ੍ਰੈੱਸ ਗੈਲਰੀ ਮਿਲ ਗਈ। ਥੋੜ੍ਹਾ ਅੱਗੇ ਜਾ ਕੇ ਦੇਖਿਆ ਤਾਂ ਝਾਕਾ ਪਿਆ। ਉਹ ਆਪਣੇ ਪਰਿਵਾਰ ਸਮੇਤ ਪੰਜ ਕੁਰਸੀਆਂ ਮੱਲੀ ਬੈਠੇ ਸੀ। ਉਨ੍ਹਾਂ ਨੂੰ ਦੇਖ ਕੇ ਸਾਡਾ ਤਾਂ ਕਿੱਲੋ ਲਹੂ ਵਧ ਗਿਆ, ਮਨ 'ਹਰਾ-ਹਰਾ' ਹੋ ਗਿਆ, ਵਾਛਾਂ ਖਿੜ ਗਈਆਂ। ਉਨ੍ਹਾਂ ਨੇ ਵੀ ਸਾਨੂੰ ਦੇਖ ਲਿਆ। ਉਹ ਉੱਠੇ ਅਤੇ ਹੌਲੀ ਜਿਹੀ ਕਹਿਣ ਲੱਗੇ ਕਿ ਤੁਸੀਂ ਸ਼ੋਅ ਤੋਂ ਬਾਅਦ ਮਿਲਣਾ। ਸਾਰਾ ਪ੍ਰੋਗਰਾਮ ਬਹੁਤ ਧਿਆਨ ਨਾਲ ਦੇਖਣਾ। ਅਸੀਂ 'ਹਾਂ ਜੀ' ਕਹਿ ਕੇ ਆਪਣੀ ਸੀਟ ਲੱਭ ਕੇ ਬੈਠ ਗਏ। ਕੰਨ ਖੜ੍ਹੇ ਕਰਕੇ, ਅੱਖਾਂ ਨੂੰ ਕਦੇ ਘੁਮਾਉਂਦੇ ਅਤੇ ਕਦੇ ਟਿਕਾਉਂਦੇ ਮਨ ਵਿੱਚ ਨਜ਼ਾਰੇ ਲੈਂਦੇ ਰਹੇ ਜਿਵੇਂ ਕਿ ਕੋਈ ਵੱਡਾ ਮਾਅਰਕਾ ਮਾਰਨ ਜਾ ਰਹੇ ਹੋਈਏ।

ਸ਼ੋਅ ਮੁੱਕਣ 'ਤੇ ਅਸੀਂ ਆਪਣੇ ਪੱਤਰ-ਪ੍ਰੇਰਕ ਦੇ ਕੋਲ ਜਾ ਪਹੁੰਚੇ। ਉਨ੍ਹਾਂ ਨੇ ਮੇਰਾ ਹੱਥ ਆਪਣੇ ਹੱਥ ਵਿੱਚ ਲੈਂਦਿਆਂ ਕਿਹਾ ਕਿ ਦੋਸਤ, ਆਪਣੀ ਕਹਾਵਤ ਦਾ ਜਵਾਬ ਧਿਆਨ ਨਾਲ ਸੁਣ। ਉਹ ਕਹਿਣ ਲੱਗੇ ਕਿ ਦੇਖ, ਕਾਰ ਸਾਨੂੰ ਘਰੋਂ ਲੈਣ ਆਈ ਅਤੇ ਹੁਣ ਛੱਡਣ ਵੀ ਵਾਪਸ ਜਾ ਰਹੀ ਹੈ। ਸ਼ੋਅ ਦਾ ਪਾਸ ਪੂਰੇ ਪਰਿਵਾਰ ਲਈ ਘਰ ਹੀ ਭੇਜ ਦਿੱਤਾ ਸੀ। ਇੱਜ਼ਤ ਅਲੱਗ ਮਿਲੀ, ਲੱਜ਼ਤ ਅਲੱਗ। ਇਹਨੂੰ ਕਹਿੰਦੇ ਨੇ ਆਮ ਕੇ ਆਮ, ਗੁਠਲੀਆਂ ਕੇ ਦਾਮ। ਅਸੀਂ ਆਪਣਾ ਸਿਰ ਖੁਰਕਿਆ ਅਤੇ ਲੱਗਿਆ ਕਿ ਤਿੰਨ ਸੌ ਖ਼ਰਚ ਕੇ ਬਹੁਤ ਕੁਝ ਪੱਲੇ ਪੈ ਗਿਆ ਹੈ।

ਘਰ ਆ ਕੇ ਦਿਲ ਨੇ ਕਿਹਾ ਕਿ ਅਜੇ ਪੂਰੀ ਤਸੱਲੀ ਨਹੀਂ ਹੋਈ। ਸਾਨੂੰ ਇੱਕ ਪੁਰਾਣਾ ਪ੍ਰੋਫੈਸਰ ਯਾਦ ਆਇਆ ਜੋ ਸਰਕਾਰੀ ਨੌਕਰੀ ਕਰਦਿਆਂ ਨਾਲ-ਨਾਲ ਟਿਊਸ਼ਨਾਂ ਦਾ 'ਧੰਦਾ' ਵੀ ਕਰਦੇ; ਪੁਸਤਕਾਂ ਦੀ ਸਮੀਖਿਆ ਵੀ ਕਰਦੇ। ਸੋਚਿਆ ਕਿ ਮਨਾ ਹੁਣ ਸੌਂ ਜਾ। ਉਨ੍ਹਾਂ ਨੂੰ ਸ਼ਾਮ ਨੂੰ ਮਿਲਾਂਗੇ ਜਦੋਂ ਟਿਊਸ਼ਨਾਂ ਕਰਦੇ ਹੋਣਗੇ। ਉਮੀਦ ਹੈ, ਉਹ ਇਸ ਬਾਰੇ ਗਿਆਨ ਦਾ ਦੀਵਾ ਜਗਾ ਕੇ ਰਾਹ ਦਿਖਾ ਦੇਣ।

ਮਸਾਂ-ਮਸਾਂ ਕਿਧਰੇ ਜਾ ਕੇ ਸ਼ਾਮ ਹੋਈ। ਅਸੀਂ ਉਨ੍ਹਾਂ ਦਾ ਜਾ ਦਰਵਾਜ਼ਾ ਖੜਕਾਇਆ। ਇੱਕ ਕਰੱਖ਼ਤ ਆਵਾਜ਼ ਆਈ, 'ਕੌਣ ਹੈ?' ਅਸੀਂ ਕਿਹਾ, ਜੀ ਇੱਕ ਵਿਦਿਆਰਥੀ। ਇਹ ਸੁਣਨ ਦੀ ਦੇਰ ਸੀ ਕਿ ਦਰਵਾਜ਼ਾ ਖੜਕ ਕਰਕੇ ਖੁੱਲ੍ਹ ਗਿਆ। ਉਨ੍ਹਾਂ ਨੇ ਸੋਚਿਆ ਹੋਣਾ ਕਿ ਇੱਕ ਟਿਊਸ਼ਨ ਹੋਰ ਹੱਥ ਲੱਗ ਜਾਣੀ ਹੈ। ਪੁੱਛਣ ਲੱਗੇ ਕਿ ਕੀ ਕੰਮ ਹੈ? ਅਸੀਂ ਵੀ ਸਿੱਧਾ ਸਵਾਲ ਕਰ ਦਿੱਤਾ ਕਿ ਇੱਕ ਕਹਾਵਤ ਦਾ ਮਤਲਬ ਸਮਝਣ ਲਈ ਜਨਾਬ ਕੋਲ ਆਏ ਹਾਂ। ਉਨ੍ਹਾਂ ਨੇ ਅਜੇ ਤੱਕ ਕੋਈ ਬਹੁਤ ਖੋਜ-ਕਾਰਜ ਤਾਂ ਨਹੀਂ ਕੀਤਾ ਸੀ ਪਰ ਦਿਲੋਂ ਖ਼ੁਸ਼ ਹੋਏ ਲੱਗਦੇ ਸਨ ਕਿ ਖੋਜਾਰਥੀ ਵੀ ਟਿਊਸ਼ਨ ਲੈਣ ਲਈ ਉਨ੍ਹਾਂ ਕੋਲ ਆਉਣ ਲੱਗੇ ਹਨ। ਉਨ੍ਹਾਂ ਨੇ ਪਹਿਲਾਂ ਸਾਨੂੰ ਚਾਹ ਪਿਆਈ। ਫਿਰ ਪੁੱਛਣ ਲੱਗੇ ਕਿ ਤੁਹਾਨੂੰ ਕੀ ਤਕਲੀਫ਼ ਹੈ? ਅਸੀਂ ਉਨ੍ਹਾਂ ਨੂੰ ਦੁਬਾਰਾ ਦੱਸਿਆ। ਨਾਲ ਹੀ, ਸਾਡੀ ਨਜ਼ਰ ਮੇਜ਼ 'ਤੇ ਪਈ ਖੁੱਲ੍ਹੀ ਕਿਤਾਬ 'ਤੇ ਜਾ ਪਈ। ਅਸੀਂ ਝੱਟ ਪ੍ਰਸੰਸਾ ਕਰਦੇ ਹੋਏ ਬੋਲੇ ਕਿ ਪ੍ਰੋਫੈਸਰ ਸਾਹਿਬ, ਤੁਸੀਂ ਤਾਂ ਕਮਾਲ ਦੀ ਸਮੀਖਿਆ ਕਰਦੇ ਹੋ। ਤੁਹਾਨੂੰ ਇਸ ਦਾ ਮੁਆਵਜ਼ਾ ਵੀ ਮਿਲਦਾ ਹੋਵੇਗਾ। ਕਹਿਣ ਲੱਗੇ, ਹਾਂ, ਕਿਉਂ ਨਹੀਂ? ਅਸੀਂ ਫਿਰ ਇੱਕ ਸਵਾਲ ਹੋਰ ਦਾਗ਼ ਦਿੱਤਾ ਕਿ ਜਨਾਬ, ਕਿਤਾਬ ਵੀ ਮੁਫ਼ਤ ਮਿਲ ਜਾਂਦੀ ਹੋਵੇਗੀ। 'ਹਾਂ, ਕਿਉਂ ਨਹੀਂ?' ਅਸੀਂ ਫਿਰ ਕਿਹਾ, 'ਜਨਾਬ, ਸਾਨੂੰ ਸਾਡੀ ਕਹਾਵਤ ਦਾ ਜਵਾਬ ਮਿਲ ਗਿਆ ਹੈ।' ਪਹਿਲਾਂ ਤਾਂ ਉਹ ਕੁਝ ਝੇਂਪ ਗਏ ਪਰ ਫਿਰ ਕਹਿਣ ਲੱਗੇ, 'ਬਰਖੁਰਦਾਰ, ਮੈਂ ਉਸਤਾਦ ਗ਼ਜ਼ਲਗੋ ਵੀ ਹਾਂ। ਅਜਿਹੀ ਕਿਤਾਬ ਲਿਖ ਕੇ ਦੇਊਂ ਕਿ ਚੋਣ-ਕਮੇਟੀ ਦੇ ਮੈਂਬਰ ਉਸ ਨੂੰ ਦੇਖਦੇ ਸਾਰ ਹੀ ਤੁਹਾਨੂੰ ਨੌਕਰੀ ਲਈ ਚੁਣ ਲੈਣਗੇ। ਸਾਹਿਤ-ਸਭਾਵਾਂ ਦੀ ਤਾਂ ਗੱਲ ਹੀ ਛੱਡ ਦਿਓ। ਤੁਹਾਡੇ ਵਾਰੇ-ਨਿਆਰੇ ਹੋ ਜਾਣਗੇ।'

ਮੈਂ ਉਨ੍ਹਾਂ ਦਾ ਦਿਲ ਰੱਖਣ ਲਈ ਕਿਹਾ, 'ਜੀ, ਸੋਚ ਕੇ ਦੱਸਾਂਗਾ।'

ਅਸੀਂ ਵਾਪਸ ਆਉਣ ਲੱਗਿਆਂ, ਉਨ੍ਹਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਅਤੇ ਬਿਨਾਂ ਖਾਧਿਆਂ ਹੀ ਅੰਬਾਂ ਅਤੇ ਗੁਠਲੀ ਚੂੰਡਣ ਦਾ ਸਵਾਦ ਆਉਣ ਲੱਗਾ। ਇਸ ਦੇ ਨਾਲ ਹੀ ਅਸੀਂ, ਉਸ ਵਿਅਕਤੀ ਦਾ ਵੀ ਸ਼ੁਕਰਾਨਾ ਕੀਤਾ, ਜਿਸ ਨੇ ਇਹ ਕਹਾਵਤ ਰਚ ਕੇ ਸਾਡੇ ਵਰਗੇ ਅਣਗਿਣਤ ਲੋਕਾਂ ਨੂੰ ਇਸ ਦੇ ਅਨੁਸਾਰ ਚੱਲਣ ਦਾ ਰਾਹ ਦਿਖਾਇਆ।



**ਸੁਰਜੀਤ ਸਿੰਘ ਭੁੱਲਰ**

# ਮਾਂ ਮਾਰੇ ਤੇ ਮਾਰਨ ਨਾ ਦੇਵੇ

"ਖੜ੍ਹ ਜਾ, ਤੈਨੂੰ ਮੈਂ ਦਿੰਦੀ ਹਾਂ ਪਤਾ," ਕਹਿ ਕੇ ਉਸ ਨੇ ਆਪਣੇ ਚਾਰ-ਪੰਜ ਸਾਲ ਦੇ ਬੱਚੇ ਨੂੰ ਭੁੰਜੇ ਸੁੱਟ ਲਿਆ ਤੇ ਥੱਪੜਾਂ-ਮੁੱਕਿਆਂ ਦੀ ਚੰਗੀ ਬਰਸਾਤ ਕਰ ਦਿੱਤੀ। ਉਸ ਨੇ ਬੱਚੇ ਦੇ ਜੂੜੇ ਵੀ ਖ਼ੂਬ ਪੁੱਟੇ। ਕੱਲ੍ਹ ਇਹ ਵਾਕਿਆ ਅਸੀਂ ਉਦੋਂ ਅੱਖੀਂ ਵੇਖਿਆ ਜਦੋਂ ਅਸੀਂ ਬੀਕਾਨੇਰਵਾਲਾ ਵਿੱਚ ਲੰਚ ਕਰਨ ਗਏ ਸੀ। ਕੁਝ ਕੁ ਮਿੰਟ ਪਹਿਲਾਂ ਉਹ ਮੁੰਡਾ ਮੇਰੀ ਪੋਤੀ ਰੌਣਕ ਨਾਲ ਖੇਡ ਰਿਹਾ ਸੀ। ਪਰ ਅਚਾਨਕ ਹੀ ਪਤਾ ਨਹੀਂ ਕੀ ਹੋਇਆ ਕਿ ਉਸ ਦੀ ਮਾਂ ਦਾ ਕਹਿਰ ਉਸ ਬੱਚੇ 'ਤੇ ਟੁੱਟ ਪਿਆ। ਕਮਾਲ ਦੀ ਗੱਲ ਇਹ ਹੋਈ ਕਿ ਉਨ੍ਹਾਂ ਨਾਲ ਦੋ ਆਦਮੀ ਤੇ ਦੋ ਔਰਤਾਂ ਹੋਰ ਵੀ ਸਨ। ਇੱਕ ਤਾਂ ਸ਼ਾਇਦ ਉਸ ਪੀੜਤ ਬੱਚੇ ਦਾ ਪਿਓ ਸੀ ਤੇ ਦੂਜੇ ਭੂਆ-ਫੁੱਫੜ ਲੱਗਦੇ ਸਨ ਜਾਂ ਕੋਈ ਹੋਰ ਰਿਸ਼ਤੇਦਾਰ।

ਪਰ ਬੱਚੇ ਨੂੰ ਕਿਸੇ ਨੇ ਵੀ ਨਾ ਛੁਡਾਇਆ ਤੇ ਨਾ ਹੀ ਕੋਈ ਬੋਲਿਆ। ਬਾਅਦ ਵਿੱਚ ਉਹ ਕੁੱਟਣ ਵਾਲੀ ਔਰਤ ਮੈਂ ਆਪਣੇ ਹੰਝੂ ਪੂੰਝਦੀ ਵੇਖੀ, ਸ਼ਾਇਦ ਉਹ ਪਛਤਾ ਰਹੀ ਸੀ। ਅਖੇ, ਮਾਂ ਮਾਰੇ ਤੇ ਮਾਰਨ ਨਾ ਦੇਵੇ।

ਮੇਰੇ ਨਾਲ ਦਫ਼ਤਰ ਵਿੱਚ ਮੇਰੀ ਇੱਕ ਸਹਿਕਰਮੀ ਕਲਰਕ ਹੁੰਦੀ ਸੀ। ਉਸ ਨੇ ਸ਼ਾਇਦ ਆਪਣੇ ਮਾਮੇ ਦੀ ਕੁੜੀ ਆਪਣੇ ਕੋਲ ਰੱਖੀ ਹੋਈ ਸੀ ਪੜ੍ਹਾਉਣ ਲਈ। ਮੈਟ੍ਰਿਕ ਪਾਸ ਉਹ ਕਲਰਕ ਆਪਣੀ ਕਜ਼ਨ ਨੂੰ ਖੁਦ ਪੜ੍ਹਾਉਂਦੀ। ਰਾਤਾਂ ਜਾਗ ਕੇ ਉਹ ਉਸ ਨੂੰ ਪੇਪਰਾਂ ਦੀ ਤਿਆਰੀ ਕਰਵਾਉਂਦੀ। ਅਗਲੇ ਦਿਨ ਜਦੋਂ ਉਹ ਉਸ ਲੜਕੀ ਨੂੰ ਹੱਲ ਕੀਤੇ ਪੇਪਰ ਬਾਰੇ ਪੁੱਛਦੀ ਤਾਂ ਗਲਤ ਲਿਖਣ ਕਰਕੇ ਉਹ ਉਸ ਨੂੰ ਖ਼ੂਬ ਕੁੱਟਦੀ। ਭੋਰਾ ਤਰਸ ਨਾ ਕਰਦੀ। ਥੱਪੜਾਂ ਨਾਲ ਉਸ ਦਾ ਮੂੰਹ ਰੰਗ ਦਿੰਦੀ। ਪਰ ਜੇ ਕੋਈ ਅਧਿਆਪਕ ਉਸ ਕੁੜੀ ਨੂੰ ਨਾਜਾਇਜ਼ ਕੁੱਟਦਾ ਤਾਂ ਉਹ ਕਲਰਕ ਉਸ ਨਾਲ ਲੜ ਪੈਂਦੀ। ਫਿਰ ਇਸੇ ਆਦਤ ਨਾਲ ਉਸ ਨੇ ਆਪਣੇ ਇਕਲੌਤੇ ਬੇਟੇ ਨੂੰ ਪੜ੍ਹਾਇਆ। ਮੁੰਡਾ ਵੀ ਮਾਂ ਕੋਲੋਂ ਕੁੱਟ ਖਾ ਕੇ ਜਵਾਬ ਵੀ ਨਾ ਕੱਸਦਾ। ਅਖੇ, ਮਾਂ ਮਾਰੇ ਤੇ ਮਾਰਨ ਨਾ ਦੇਵੇ।



ਮੈਨੂੰ ਯਾਦ ਹੈ, ਕਦੇ ਮੈਂ ਤੇ ਮੇਰੀ ਮਾਂ ਮਿਲਣ ਆਏ ਮੇਰੀ ਮਾਸੀ ਦੇ ਮੁੰਡੇ ਨੂੰ ਬੱਸ ਚੜ੍ਹਾਉਣ ਲਈ ਅੱਡੇ 'ਤੇ ਗਏ। ਸ਼ਾਮ ਦਾ ਵੇਲਾ ਸੀ, ਮੇਰੀ ਮਾਂ ਨੇ ਮੈਨੂੰ ਉੱਥੋਂ ਹੀ ਖੇਤੋਂ ਮੱਝ ਲਈ ਪੱਠੇ ਲਿਆਉਣ ਲਈ ਕਿਹਾ, ਕਿਉਂਕਿ ਸਾਡਾ ਖੇਤ ਨੇੜੇ ਹੀ ਸੀ। ਪਰ ਮੈਂ ਨਾ ਗਿਆ ਤੇ ਮਾਸੀ ਦੇ ਮੁੰਡੇ ਨਾਲ ਗੱਲਾਂ ਮਾਰਦਾ ਰਿਹਾ। ਬੱਸ ਥੋੜ੍ਹਾ ਲੇਟ ਹੀ ਆਈ ਤੇ ਮੇਰੀ ਮਾਸੀ ਦਾ ਮੁੰਡਾ ਬੱਸ ਚੜ੍ਹ ਗਿਆ ਤੇ ਨਾਲ ਹੀ ਮੇਰੀ ਮਾਂ ਨੂੰ ਗੁੱਸਾ ਆ ਗਿਆ। ਫਿਰ ਉਸ ਨੇ ਰਬੜ ਦੀ ਚੱਪਲ ਲਾਹ ਲਈ। ਇੱਕ ਹੱਥ ਨਾਲ ਮੇਰੀ ਬਾਂਹ ਫੜ ਲਈ ਤੇ ਦੂਜੇ ਹੱਥ ਵਿੱਚ ਚੱਪਲ। ਨਾ ਉਸ ਨੇ ਗਿਣੀਆਂ ਨਾ ਮੈਂ। ਚੱਪਲ ਟੁੱਟੀ ਨਹੀਂ, ਮੇਰਾ ਖਹਿੜਾ ਛੁੱਟਿਆ ਨਹੀਂ। ਇਹ ਮੇਰੀ ਜ਼ਿੰਦਗੀ ਦੀ ਸਭ ਤੋਂ ਭਿਆਨਕ ਕੁੱਟ ਸੀ। ਉਸ ਰਾਤ ਸਾਡੇ ਘਰੇ ਨਾ ਰੋਟੀਆਂ ਪੱਕੀਆਂ ਤੇ ਨਾ ਕਿਸੇ ਨੇ ਖਾਧੀਆਂ। ਉਸ ਦਿਨ ਮੈਂ ਮੇਰੀ ਮਾਂ ਨੂੰ ਪਹਿਲੀ ਵਾਰ ਰੋਂਦੇ ਵੇਖਿਆ। ਕੁਝ ਕੁ ਦਿਨਾਂ ਬਾਅਦ ਮੇਰੇ ਚਾਚੇ ਨੇ ਮੇਰੇ ਥੱਪੜ ਮਾਰਿਆ ਕਿਉਂਕਿ ਮੈਂ ਗੁੜ ਦੀ ਡਲੀ ਚੁੱਕ ਕੇ ਖਾ ਲਈ ਸੀ। ਜਦੋਂ ਮੇਰੀ ਮਾਂ ਨੂੰ ਪਤਾ ਲੱਗਿਆ ਤਾਂ ਉਹ ਸ਼ੇਰਨੀ ਬਣ ਗਈ। ਉਸ ਨੇ ਮੇਰੇ ਚਾਚੇ ਨਾਲ ਖ਼ੂਬ ਲੜਾਈ ਕੀਤੀ। ਅਖੇ, ਮਾਂ ਮਾਰੇ ਤੇ ਮਾਰਨ ਨਾ ਦੇਵੇ।

ਗੱਲ ਤਾਂ ਇੱਕੋ ਹੈ ਕਿ ਮਾਂ ਦੀ ਮਮਤਾ ਵਿੱਚ ਮਾਰ ਵੀ ਹੈ ਤੇ ਪਿਆਰ ਵੀ। ਉਹ ਆਪਣੇ ਬੱਚੇ ਨੂੰ ਸੁਧਾਰਨ ਲਈ ਕੁੱਟ ਸਕਦੀ ਹੈ, ਪਰ ਦੂਜੇ ਦਾ ਵਿਹੜਾ ਉਸ 'ਤੇ ਨਹੀਂ ਲੰਘਣ ਦਿੰਦੀ।

**ਰਮੇਸ਼ ਸੇਠੀ ਬਾਦਲ**
**ਸੰਪਰਕ: 9876627233**

# ਠੱਗ (ਕਹਾਣੀ)

"ਅਖ਼ਬਾਰ ਵੇਚ.....ਰੱਦੀ ਵੇਚ..... ਕਬਾੜ ਵੇਚ......" ਦੀ ਉੱਚੀ ਤੇ ਲਚਕਦਾਰ ਅਵਾਜ਼ ਦੀ ਅੱਡ ਈ ਪਛਾਣ ਆ ਜਾਂਦੀ ਹੈ। ਉਂਝ ਤਾਂ ਗ਼ਲੀ ਵਿੱਚ ਸਾਰਾ ਦਿਨ ਅਨੇਕਾਂ ਕਬਾੜ ਖ਼ਰੀਦਣ ਵਾਲੇ ਲੰਘਦੇ ਹਨ ਪਰ "ਠੱਗ" ਦੀ ਅਵਾਜ਼ ਦੀ ਸਾਨੂੰ ਵੱਖਰੀ ਪਛਾਣ ਹੈ। ਜੇ ਰੱਦੀ ਵੇਚਣੀ ਹੁੰਦੀ ਤਾਂ ਮੇਰੇ ਪਤੀ ਨੇ ਉਸ ਨੂੰ ਹਾਕ ਮਾਰਨੀ," ਓਏ ਠੱਗਾ...... ਰੁਕੀਂ...... ਅਖ਼ਬਾਰ ਕਿਵੇਂ ਲਾਏ ਆ.....?" ਉਸ ਨੇ ਰੁਕ ਜਾਣਾ........ਰੱਦੀ ਤੋਲਣੀ....... ਮਾੜਾ ਮੋਟਾ ਬੱਟੇ ਦਾ ਜਾਂ ਤੱਕੜੀ ਦੇ ਪੱਲੜਿਆਂ ਵਿੱਚ ਊਚ ਨੀਚ ਰੱਖ ਕੇ ਤੋਲ ਲੈਣੀ......। ਮੇਰੇ ਪਤੀ ਨੇ ਉਸ ਨੂੰ ਕਹਿਣਾ,"ਠੱਗਾ.... ਬਾਜ ਨਾ ਆਈਂ ਠੱਗੀ ਲਾਉਣ ਤੋਂ......!" ਉਸ ਨੇ ਵੀ ਆਪਣੇ ਵੱਲੋਂ ਹੌਲੀ ਹੌਲੀ ਬੋਲਦੇ ਹੋਏ ਨੇ ਸਫ਼ਾਈ ਦਿੰਦੇ ਨੇ ਰੱਦੀ ਰੇਹੜੀ ਵਿੱਚ ਸੁੱਟਣੀ ਤੇ ਤੁਰ ਜਾਣਾ। ਚਾਹੇ ਮੇਰਾ ਆਦਮੀ ਉਸ ਨੂੰ ਠੱਗ ਕਹਿੰਦਾ ਸੀ ਪਰ ਹਰ ਵਾਰ ਰੱਦੀ ਤਾਂ ਉਸੇ ਨੂੰ ਹੀ ਦਿੰਦਾ ਸੀ। ਉਹ ਰੱਦੀ ਵਾਲ਼ਾ ਵੀ 'ਠੱਗ' ਆਖੇ ਜਾਣ ਤੇ ਕਦੇ ਗੁੱਸਾ ਨਹੀਂ ਕਰਦਾ ਸੀ। "ਠੱਗ" ਦਾ ਹੁਲੀਆ ਦੇਖ਼ ਕੇ ਮੈਨੂੰ ਬਹੁਤ ਤਰਸ ਆਉਂਦਾ ਸੀ। ਉਸ ਦੇ ਸਿਰ ਤੇ ਮੈਲੇ ਬਿਖਰੇ ਵਾਲ਼,ਦਾੜੀ ਵੀ ਉਸੇ ਤਰ੍ਹਾਂ ਦੀ ਵਧੀ ਹੋਈ ਕੱਟਣ ਵਾਲ਼ੀ...... ਮੈਲ਼ੀ ਕਮੀਜ਼ ਝੱਲਿਆਂ ਵਰਗੀ ਖੁੱਲ੍ਹੀ ਖੁੱਲ੍ਹੀ ਤੇ ਮੈਲ਼ੀ ਤੇ ਖੁੱਲ੍ਹੀ ਸਾਰੀ ਪੈਂਟ ਜੋ ਉਸ ਦੇ ਮੈਲ਼ ਨਾਲ਼ ਭਰੇ ਪੈਰਾਂ ਵਿੱਚ ਪਾਏ ਵੱਡੇ ਵੱਡੇ ਛਿੱਤਰਾਂ ਤੇ ਡਿੱਗਦੀ ਹੋਣ ਕਰਕੇ ਮੂਹਰੀਆਂ ਗ਼ਲੀਆਂ ਹੁੰਦੀਆਂ। ਜੇ ਉਸ ਕੋਲ਼ ਰੱਦੀ ਵਾਲ਼ਾ ਰੇਹੜਾ ਨਾ ਹੋਵੇ ਤਾਂ ਹਰ ਕੋਈ ਉਸ ਨੂੰ ਝੱਲਾ ਜਾਂ ਪਾਗ਼ਲ ਸਮਝ ਲਵੇ। ਜਦ ਦੀਵਾਲੀ ਦੀਆਂ ਸਫਾਈਆਂ ਕਰਦੇ ਹੋਏ ਜਾਂ ਘਰ ਨੂੰ ਰੰਗ ਰੋਗਨ ਜਾਂ ਕੋਈ ਹੋਰ ਕੰਮ ਕਰਵਾਉਂਦੇ ਹੋਏ ਕਵਾੜ ਤੇ ਹੋਰ ਸੁੱਟਣ ਵਾਲ਼ਾ ਸਮਾਨ ਇਕੱਠਾ ਹੋ ਜਾਣਾ ਤਾਂ ਉਸੇ ਨੂੰ ਚੁਕਵਾ ਦੇਣਾ ਕਿਉਂ ਕਿ ਜਿਹੜੀਆਂ ਚੀਜ਼ਾਂ ਕੂੜੇ ਵਿੱਚ ਸੁੱਟਣ ਵਾਲੀਆਂ ਹੁੰਦੀਆਂ ਉਹ ਵੀ ਉਸੇ ਨੂੰ ਚੁਕਵਾ ਦੇਣੀਆਂ ਤਾਂ ਜਮਾਂਦਾਰਾਂ ਦੀ ਤਿੜ ਫਿੜ ਦੀ ਸਿਰਦਰਦੀ ਤੋਂ ਵੀ ਸੁਰਖ਼ਰੂ ਹੋ ਜਾਣਾ।



ਇੱਕ ਦਿਨ ਬਿਜਲੀ ਦੀਆਂ ਖ਼ਰਾਬ ਚੀਜ਼ਾਂ ਲੈਣ ਵਾਲੇ ਨੂੰ ਮੈਂ ਆਪਣੀ ਪੁਰਾਣੀ ਵਾਸ਼ਿੰਗ ਮਸ਼ੀਨ ਵੇਚਣ ਲੱਗੀ ਤਾਂ ਇਹ ਕੋਲੋਂ ਦੀ ਲੰਘਿਆ ਜਾਂਦਾ ਰੁਕ ਗਿਆ ਤੇ ਮੈਨੂੰ ਆਖਣ ਲੱਗਾ,"ਇਹ ਤੁਸੀਂ ਮੈਨੂੰ ਦੇ ਦਿਓ....!" "ਤੂੰ ਕੀ ਕਰਨੀ ਆ....?.... ਨਾਲ਼ੇ ਇਹ ਤਾਂ ਖ਼ਰਾਬ ਆ.....!" ਮੈਂ ਆਖਿਆ।

"ਅਸੀਂ ਠੀਕ ਕਰਵਾ ਕੇ ਵਰਤ ਲਵਾਂਗੇ..... ਮੇਰੀਆਂ ਕੁੜੀਆਂ ਰੋਜ਼ ਕਹਿੰਦੀਆਂ ਨੇ ਲੈ ਕੇ ਦੇਣ ਨੂੰ.....?" ਉਸ ਨੇ ਆਖਿਆ।

"ਕਿੰਨੀਆਂ ਕੁੜੀਆਂ ਨੇ ਭਾਈ ਤੇਰੇ....?" ਮੈਂ ਫਿਰ ਪੁੱਛਿਆ।

"ਪੰਜ ਕੁੜੀਆਂ ਈ ਨੇ....... ਕਬਾੜ ਵਿੱਚੋਂ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਈ ਚੱਲਦਾ...!" ਐਨਾ ਕਹਿ ਕੇ ਉਹ ਚੁੱਪ ਹੋ ਗਿਆ। ਚੱਲ ਮੈਂ ਉਹ ਮਸ਼ੀਨ ਉਸ ਨੂੰ ਦੋ ਸੌ ਰੁਪਏ ਵਿੱਚ ਚੁਕਵਾ ਦਿੱਤੀ।

ਇੱਕ ਦਿਨ ਉਸ ਦਾ ਅਖ਼ਬਾਰਾਂ ਦੀ ਰੱਦੀ ਲੈਂਦੇ ਹੋਏ ਮੇਰੇ ਪਤੀ ਨਾਲ਼ ਭਾਅ ਨਾ ਬਣਿਆ ਤੇ ਮੇਰੇ ਪਤੀ ਨੇ ਆਪਣਾ ਗੁੱਸਾ ਦਿਖਾਉਂਦੇ ਹੋਏ ਚੁਟਕੀ ਮਾਰਕੇ ਉਂਗ਼ਲ ਬਾਹਰ ਨੂੰ ਕਰਦੇ ਹੋਏ ਉਸ ਨੂੰ ਕਿਹਾ ," ਚੱਲ! ਚੱਲ.....ਔਹ ਦਰਵਾਜ਼ਾ...... ਨਿਕਲਦਾ ਬਣ......!" ਉਹ ਵਿਚਾਰਾ ਸ਼ਰਾਫਤ ਨਾਲ਼ ਪੈਰ ਘੜੀਸਦਾ ਹੋਇਆ ਬਿਨਾਂ ਗੁੱਸਾ ਕੀਤੇ ਚੁੱਪ ਚਾਪ ਬਾਹਰ ਨਿਕਲ ਗਿਆ। ਮੈਨੂੰ ਆਪਣੇ ਪਤੀ ਤੇ ਬਹੁਤ ਗੁੱਸਾ ਆਇਆ ਤੇ ਕਿਹਾ," ਵਿਚਾਰੇ ਸ਼ਰੀਫ਼ ਬੰਦੇ ਨੂੰ ਚੀਜ਼ ਨਹੀਂ ਦੇਣੀ ਤਾਂ ਨਾ ਦਿਓ......ਉਸ ਦੀ ਬੇਜ਼ਤੀ ਕਰਨ ਦਾ ਕੀ ਮਤਲਬ.... ਸਿੱਧਾ ਜਿਹਾ ਬੰਦਾ ਹੈ..... ਪੰਜ ਧੀਆਂ ਦਾ ਪਿਓ ਆ...... ਸਰੀਰ ਵਿੱਚ ਆਏਂ ਲੱਗਦਾ ਜਿਵੇਂ ਜਾਨ ਈ ਨਾ ਹੋਵੇ..... ਆਏਂ ਲੱਗਦਾ ਕਿ ਹੁਣ ਡਿੱਗਿਆ ਕਿ ਡਿੱਗਿਆ.......!" ਮੈਂ ਗੁੱਸੇ ਵਿੱਚ ਹੋਰ ਬਹੁਤ ਕੁਝ ਬੋਲੀ ਜਾ ਰਹੀ ਸੀ। ਸ਼ਾਇਦ ਮੇਰੇ ਪਤੀ ਨੂੰ ਮੇਰੇ ਇਸ ਗੁੱਸੇ ਭਰੇ ਭਾਸ਼ਨ ਤੋਂ ਬਾਅਦ ਉਸ ਦੀ ਗ਼ਰੀਬੀ ਤੇ ਲਾਚਾਰੀ ਸਮਝ ਆ ਗਈ ਸੀ।

ਉਸ ਤੋਂ ਬਾਅਦ ਮੈਂ ਆਪਣੇ ਪਤੀ ਨੂੰ ਉਸ ਨੂੰ ਕਦੇ ਰੱਦੀ ਵੇਚਦਿਆਂ ਨੂੰ ਨਹੀਂ ਦੇਖਿਆ ਸੀ ਸਗੋਂ ਜੋ ਵੀ ਕਬਾੜ, ਬੋਤਲਾਂ, ਪਲਾਸਟਿਕ ਹੁੰਦਾ ਉਸ ਨੂੰ ਪਿਆਰ ਨਾਲ ਹਾਕ ਮਾਰਦੇ,"ਓਏ ਠੱਗਾ.... ਰੁਕੀਂ....!" ਉਹ ਰੁਕ ਜਾਂਦਾ ਤੇ ਉਸ ਨੂੰ ਰੱਦੀ ਵਾਲੀ ਬੋਰੀ ਫੜਾ ਕੇ ਅੰਦਰ ਆ ਜਾਂਦੇ। ਮੈਂ ਤਾਂ ਪਹਿਲਾਂ ਹੀ ਉਸ ਨੂੰ ਘਿਓ ਵਾਲ਼ੀਆਂ ਪੀਪੀਆਂ ਜਾਂ ਹੋਰ ਸਮਾਨ ਵੈਸੇ ਹੀ ਚੁਕਾ ਦਿੰਦੀ ਸੀ। ਸਾਨੂੰ ਪਤਾ ਸੀ ਕਿ ਜੋ ਮਨੁੱਖ ਆਪਣੇ ਵੱਡੇ ਟੱਬਰ ਦੀ ਪਾਲਣਾ ਕਰਨ ਲਈ ਸਰੀਰਕ ਸਮਰੱਥਾ ਤੋਂ ਵੱਧ ਕੰਮ ਲੈ ਰਿਹਾ ਹੋਵੇ ਉਸ ਤਰ੍ਹਾਂ ਦੇ ਬੰਦੇ ਦੀ ਸਿੱਧੇ ਤੌਰ ਤੇ ਨਾ ਸਹੀ ਪਰ ਅਸਿੱਧੇ ਤੌਰ ਤੇ ਮਦਦ ਕਰਦੇ ਰਹਿਣਾ ਚਾਹੀਦਾ ਹੈ। ਹੁਣ ਉਹ ਭਾਈ ਸਾਡੇ ਲਈ "ਠੱਗ" ਕੋਈ ਪੇਸ਼ੇ ਵਾਲ਼ਾ ਠੱਗ ਨਹੀਂ ਸਗੋਂ ਉਸ ਦਾ ਨਾਮ ਪੱਕ ਚੁੱਕਿਆ ਸੀ ਜਿਸ ਨੂੰ ਉਹ ਵੀ ਸ਼ਾਇਦ ਆਪਣਾ ਨਾਂ ਹੀ ਸਮਝਣ ਲੱਗ ਪਿਆ ਸੀ ਕਿਉਂਕਿ "ਠੱਗ" ਸ਼ਬਦ ਸਿਰਫ ਸਾਡੀਆਂ ਦੋਹਾਂ ਧਿਰਾਂ ਦੀਆਂ ਆਪਸੀ ਭਾਵਨਾਵਾਂ ਦਾ ਆਦਾਨ ਪ੍ਰਦਾਨ ਸੀ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਬਹੁਪੱਖੀ ਸ਼ਖ਼ਸੀਅਤ ਸਨ – ਹੇਲਨ ਕੇਲਰ

## 27 ਜੂਨ ਨੂੰ ਜਨਮ-ਦਿਨ ’ਤੇ

ਪ੍ਰਸਿੱਧ ਅਮਰੀਕੀ ਲੇਖਕ ਮਾਰਕ ਟਵੇਨ ਦੇ ਅਨੁਸਾਰ 19ਵੀਂ ਸਦੀ ਦੇ ਕੇਵਲ ਦੋ ਹੀ ਸਭ ਤੋਂ ਜ਼ਿਆਦਾ ਦਿਲਚਸਪੀ ਭਰੀ ਸ਼ਖ਼ਸੀਅਤ ਦੇ ਮਾਲਕ ਸਨ। ਪਹਿਲਾ ਨੈਪੋਲੀਅਨ ਤੇ ਦੂਸਰਾ ਕੁਮਾਰੀ ਹੇਲਨ ਕੇਲਰ। ਹੇਲਨ ਕੇਲਰ ਨੇ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਨੂੰ ਸਿੱਖਿਆ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਜਾ ਕੇ ਉਥੋਂ ਦੇ ਨੇਤਰਹੀਣ ਅਤੇ ਹੋਰ ਅਪੰਗ ਲੋਕਾਂ ਲਈ ਸੇਵਾਵਾਂ ਆਰੰਭ ਕੀਤੀਆਂ। ਉਸ ਨੇ ਅਨੇਕਾਂ ਲੇਖ ਅਤੇ ਪੁਸਤਕਾਂ ਲਿਖੀਆਂ। ਉਹ ਪੂਰੀ ਤਰ੍ਹਾਂ ਨੇਤਰਹੀਣ, ਉੱਚਾ ਸੁਣਨ ਵਾਲੀ ਅਤੇ ਕਈ ਸਾਲਾਂ ਤੱਕ ਅਤੇ ਬਾਅਦ ਵਿੱਚ ਮਾਤਰ ਰੂਪ ’ਚ ਗੂੰਗੀ ਵੀ ਸੀ। ਗੂੰਗੀ ਇਸ ਲਈ ਕਿ ਉਸ ਦੀ ਗੱਲ ਨੂੰ ਆਮ ਆਦਮੀ ਲਈ ਸਮਝਣਾ ਔਖਾ ਸੀ। ਭਾਵੇਂ ਉਸ ਨੇ ਮਿਹਨਤ ਅਤੇ ਅਭਿਆਸ ਤੋਂ ਬਾਅਦ ਬੋਲਣਾ ਜ਼ਰੂਰ ਸਿੱਖ ਲਿਆ ਸੀ।

ਹੇਲਨ ਕੇਲਰ ਦਾ ਜਨਮ 27 ਜੂਨ 1880 ਈ: ਵਿੱਚ ਸੰਯੁਕਤ ਰਾਜ ਅਮਰੀਕਾ ਦੇ ਇੱਕ ਦੱਖਣੀ ਰਾਜ ਏਲਾਬਾਮਾ ਦੇ ਟਸਕੰਬੀਆ ਕਸਬੇ ਵਿੱਚ ਹੋਇਆ। ਜਨਮ ਦੇ ਸਮੇਂ ਉਹ ਪੂਰੀ ਤਰ੍ਹਾਂ ਨਾਲ ਤੰਦਰੁਸਤ ਤੇ ਠੀਕ-ਠਾਕ ਸੀ। ਛੇ ਮਹੀਨੇ ਦੀ ਉਮਰ ਵਿੱਚ ਉਸ ਨੇ ‘ਟੀ.ਟੀ.’ (ਚਾਹ, ਚਾਹ) ਸ਼ਬਦ ਕਹਿ ਕੇ ਪਰਿਵਾਰ ਨੂੰ ਹੈਰਾਨ ਕਰ ਦਿੱਤਾ। ਕੇਲਰ ਇੱਕ ਸਾਲ ਦੀ ਉਮਰ ਵਿੱਚ ਚੱਲਣ ਲੱਗ ਪਈ ਸੀ। ਸੰਨ 1882 ਵਿੱਚ,19 ਮਹੀਨੇ ਦੀ ਉਮਰ ਵਿੱਚ ਬੁਖਾਰ ਦੀ ਬਿਮਾਰੀ ਹੋਣ ਕਾਰਨ ਹੇਲਨ ਕੇਲਰ ਦੀ ਨਿਗ੍ਹਾ (ਨੇਤਰਹੀਣ), ਸੁਣਨ ਦੀ ਸ਼ਕਤੀ ਅਤੇ ਬੋਲਣ ਦੀ ਸ਼ਕਤੀ ਜਾਂਦੀ ਰਹੀ। ਇਤਿਹਾਸਕ ਜੀਵਨੀਆਂ ਵਿੱਚ ਇਸ ਬਿਮਾਰੀ ਦਾ ਕਾਰਨ ਰੂਬੇਲਾ, ਸਕਾਰਲੇਟ ਫੀਵਰ, ਏਨਸਫਲਾਈਟਿਸ ਜਾਂ ਮੇਨਿਨਜਾਈਟਿਸ ਕਿਹਾ ਜਾਂਦਾ ਹੈ । ਉਹ ਮਾਂ ਦੇ ਅੱਗੇ-ਪਿੱਛੇ ਘੁੰਮਦੀ ਅਤੇ ਮਾਂ ਨੂੰ ਕੰਮ ਕਰਦਿਆਂ ਹੋਇਆਂ ਦੇਖਦੀ। ਉਹ ਗੱਲ ਕਰਦੀ ਤਾਂ ਉਂਗਲੀਆਂ ਨਾਲ ਗਲੇ ਦੀ ਆਵਾਜ਼ ਅਤੇ ਬੁੱਲ੍ਹਾਂ ਦੀ ਹਿਲ-ਜੁਲ ਮਹਿਸੂਸ ਕਰਦੀ। ਕੁਝ ਵਿਸ਼ੇਸ਼ ਸੰਕੇਤਾਂ ਨਾਲ ਦੋਵੇਂ ਮਾਂ-ਬੇਟੀ ਇੱਕ-ਦੂਜੇ ਨੂੰ ਸਮਝਣ ਲੱਗ ਪਈਆਂ। ਹੇਲਨ ਆਦਮੀ ਨੂੰ ਕੋਲ ਬੁਲਾਉਣ ਲਈ ਆਪਣੇ ਵੱਲ ਖਿੱਚਦੀ ਅਤੇ ਜਾਣ ਲਈ ਉਸ ਨੂੰ ਧੱਕਦੀ। ਜੇਕਰ ਭੁੱਖ ਲੱਗੀ ਹੁੰਦੀ ਤਾਂ ਰੋਟੀ ਨੂੰ ਕੱਟਣ ਅਤੇ ਮੱਖਣ ਲਗਾਉਣ ਦਾ ਇਸ਼ਾਰਾ ਕਰਦੀ। ਆਈਸਕਰੀਮ ਦੀ ਇੱਛਾ ਹੋਣ ਤੇ ਉਹ ਫ਼ਰਿੱਜ਼ ਨੂੰ ਖੋਲ੍ਹਣ ਦਾ ਸੰਕੇਤ ਦੇ ਕੇ ਥੋੜ੍ਹਾ ਜਿਹਾ ਕੰਬਦੀ। ਜੇਕਰ ਉਸ ਨੂੰ ਬਹੁਤ ਜ਼ਿਆਦਾ ਵਸਤੂਆਂ ਦੀ ਜ਼ਰੂਰਤ ਹੁੰਦੀ ਤਾਂ ਹੱਥ ਦੀਆਂ ਉਂਗਲੀਆਂ ਨੂੰ ਪੂਰੀ ਤਰ੍ਹਾਂ ਖੋਲ੍ਹ ਕੇ ਆਪਣੇ ਵੱਲ ਲਿਆਉਂਦੀ। ਛੋਟੀ ਵਸਤੂ ਲਈ ਉਹ ਹੱਥ ਦੀਆਂ ਉਂਗਲੀਆਂ ਨੂੰ ਕੋਲ ਲਿਆਉਂਦੀ ਤੇ ਇੱਕ ਹੱਥ ਦੀ ਉਂਗਲੀ ਅਤੇ ਅੰਗੂਠੇ ਨਾਲ ਦੂਸਰੇ ਹੱਥ ਦੀ ਚਮੜੀ ਨੂੰ ਥੋੜਾ ਜਿਹਾ ਫੜਦੀ। ਹੇਲਨ ਨੇ ਆਪਣੀ ਆਤਮ ਕਥਾ ਵਿੱਚ ਲਿਖਿਆ ਸੀ ‘‘ਮੇਰੀ ਲੰਬੀ ਰਾਤ ਵਿੱਚ ਕੁਝ ਸੁੱਖ ਦਾ ਅਹਿਸਾਸ ਤਾਂ ਯਾਦ ਰੱਖਣਯੋਗ ਸੀ, ਉਹ ਮਾਂ ਦੀ ਸਹਾਨਭੂਤੀ ਦਾ ਨਤੀਜਾ ਸੀ।’’ ਕੇਲਨ ਪਰਿਵਾਰ ਵਿੱਚ ਬੱਚੀ ਹੇਲਨ ਨੂੰ ਜੋ ਆਜ਼ਾਦੀ ਅਤੇ ਪਿਆਰ ਭਰਿਆ ਵਾਤਾਵਰਨ ਮਿਲਿਆ, ਉਹ ਸਪਸ਼ਟ ਰੂਪ ਵਿੱਚ ਉਸ ਦੇ ਪ੍ਰਗਤੀ ਦਾ ਇੱਕ ਮਹੱਤਵਪੂਰਨ ਕਾਰਨ ਬਣਿਆ। ਪਹਿਲੀ ਔਲਾਦ ਹੋਣ ਅਤੇ ਮਾਤਾ-ਪਿਤਾ ਦੇ ਪਿਆਰ ਭਰੇ ਸੁਭਾਅ ਦਾ ਉਸ ਨੂੰ ਪੂਰਾ ਲਾਭ ਮਿਲਿਆ। ਹੇਲਨ ਪਰਿਵਾਰ ਵਿੱਚ ਇੱਕ ਅਜਿਹਾ ਮੈਂਬਰ ਸੀ ਜੋ ਉਸ ਨੂੰ ਮਾਨਸਿਕ ਰੂਪ ਵਿੱਚ ਅਪੰਗ ਮੰਨ ਕੇ ਪਰਿਵਾਰ ਤੋਂ ਅਲੱਗ ਰੱਖਣ ਦੀ ਗੱਲ ਕਹਿੰਦਾ ਅਤੇ ਸੋਚਦਾ ਸੀ। ਹੇਲਨ ਦੇ ਕੁਝ ਸਜੀਵ ਅਤੇ ਨਿਰਜੀਵ ਮਿੱਤਰ ਸਨ। ਪਹਿਲੀ ਮਾਰਥਾ ਵਾਸ਼ਿੰਗਟਨ ਅਤੇ ਦੂਜੀ ਮਿੱਤਰ ਬੈਲੇ ਨਾਮ ਦੀ ਕੁੱਤੀ। ਨਿਰਜੀਵ ਸਾਥੀਆਂ ਵਿੱਚੋਂ ਪ੍ਰਮੁੱਖ ਸੀ ਇੱਕ ਗੁੱਡੀ ਜਿਸ ਦਾ ਨਾਂ ਬਾਅਦ ਵਿੱਚ ਉਸ ਨੇ ਨੈਨਸੀ ਰੱਖਿਆ ਸੀ। ਆਜ਼ਾਦ ਅਤੇ ਖੁੱਲ੍ਹੇ ਵਾਤਾਵਰਨ ਨੇ ਕਈ ਵਾਰ ਉਸ ਨੂੰ ਖ਼ਤਰੇ ਦੇ ਬਹੁਤ ਨੇੜੇ ਪਹੁੰਚਾ ਦਿੱਤਾ। ਚੁੰਨੀ ਗਿੱਲੀ ਹੋਣ ’ਤੇ ਹੇਲਨ ਨੇ ਉਸ ਨੂੰ ਅੰਗੀਠੀ ਤੇ ਸੁਕਾਉਣਾ ਚਾਹਿਆ। ਉਸ ਦੇ ਕਿਨਾਰਿਆਂ ਨੇ ਅੱਗ ਫੜ ਲਈ ਅਤੇ ਜਲਦੀ ਹੀ ਹੇਲਨ ਉਸ ਅੱਗ ਦੀ ਲਪੇਟ ਵਿੱਚ ਆ ਗਈ। ਚੀਕਣ ਦੀ ਆਵਾਜ਼ ਸੁਣ ਕੇ ਉਸ ਦੀ ਨੌਕਰਾਣੀ ਨੇ ਆ ਕੇ ਜਲਦੀ ਨਾਲ ਅੱਗ ਬੁਝਾ ਦਿੱਤੀ। ਇਸ ਤਰ੍ਹਾਂ ਇਹ ਦੁਰਘਟਨਾ ਟਲ ਗਈ।

ਹੇਲਨ ਕੇਲਰ ਦੇ ਪਿਤਾ ਆਰਥਰ ਐਚ ਕੇਲਰ ਕਨਫੀਡਰੇਟ ਸੈਨਾ ਵਿੱਚ ਕਪਤਾਨ ਸਨ ਅਤੇ ਮਾਤਾ ਕੇਟ ਐਡਮਜ਼ ਕੇਲਰ ਆਰਥਰ ਦੀ ਦੂਸਰੀ ਪਤਨੀ ਸੀ। ਹੇਲਨ ਇਸ ਪਤੀ ਪਤਨੀ ਦੀ ਪਹਿਲੀ ਸੰਤਾਨ ਸੀ। ਕਪਤਾਨ ਕੇਲਰ ਨੇ ਟੈਲੀਫੋਨ ਦੇ ਜਨਕ ਗ੍ਰਾਹਮ ਬੇਲ ਨੂੰ ਚਿੱਠੀ-ਪੱਤਰ ਲਿਖ ਕੇ 1886 ਵਿੱਚ ਹੇਲਨ ਨੂੰ ਨਾਲ ਲੈ ਕੇ ਉਸ ਨੂੰ ਮਿਲਣ ਗਏ। ਬੇਲ ਦੀ ਮਾਤਾ ਅਤੇ ਪਤਨੀ ਦੋਨੋਂ ਬੋਲੀਆਂ ਸਨ। ਉਹ ਮੰਨਦੇ ਸਨ ਕਿ ਟੈਲੀਫੋਨ ਦੀ ਥਾਂ ਜੇ ਬੋਲੇ ਵਿਅਕਤੀਆਂ ਲਈ ਕੋਈ ਹੋਰ ਖੋਜ ਕਰ ਸਕਦੇ ਤਾਂ ਉਹਨਾਂ ਨੂੰ ਜ਼ਿਆਦਾ ਖ਼ੁਸ਼ੀ ਹੁੰਦੀ। ਉਹਨਾਂ ਨੇ ਬੋਲੇ ਵਿਅਕਤੀਆਂ ਲਈ ਭਾਵੇਂ ਕੋਈ ਵਿਸ਼ੇਸ਼ ਰੂਪ ਵਿੱਚ ਕੰਮ ਨਹੀਂ ਕੀਤਾ ਪਰ ਹੇਲਨ ਦੀ ਸਿੱਖਿਆ ਵਿੱਚ ਉਸ ਦਾ ਖ਼ਾਸ ਰੋਲ ਅਦਾ ਕੀਤਾ।ਹੇਲਨ ਕੇਲਰ ਦੀ ਅਧਿਆਪਕਾ ਏਨ ਸੁਲੀਵਨ ਸੀ। ਜਿਸ ਨੇ 1886 ਵਿੱਚ ਪਰਕਿਨਸ ਸਕੂਲ ਫ਼ਾਰ ਦ ਬਲਾਈਂਡ ਤੋਂ ਸਿੱਖਿਆ ਪੂਰੀ ਕੀਤੀ ਸੀ ਅਤੇ ਆਪਣੀ ਨੌਕਰੀ ਦੀ ਤਲਾਸ਼ ਵਿੱਚ ਸੀ। ਕੇਲਰ ਪਰਿਵਾਰ ਵਿੱਚ ਉਸ ਨੂੰ ਆਪਣਾਪਨ, ਸਤਿਕਾਰ ਤੇ ਪਿਆਰ ਮਿਲਿਆ। ਇਸ ਪਰਿਵਾਰਿਕ ਵਾਤਾਵਰਨ ਵਿੱਚ ਉਸ ਨੂੰ ਸਮਰਪਿਤ ਭਾਵਨਾ ਨਾਲ ਆਪਣਾ ਕੰਮ ਕਰਨ ਦੀ ਸਹਾਇਤਾ ਮਿਲੀ ਪਰ ਮੁਸ਼ਕਲਾਂ ਵੀ ਬਹੁਤ ਸਨ। ਸਭ ਤੋਂ ਵੱਡੀ ਮੁਸ਼ਕਲ ਜਿਸ ਦਾ ਉਸ ਨੂੰ ਸ਼ੁਰੂ ਵਿੱਚ ਸਾਹਮਣਾ ਕਰਨਾ ਪਿਆ। ਉਹ ਸੀ ਹੇਲਨ ਕੇਲਰ ਦਾ ਅੱਖੜਪਨ ਅਤੇ ਅਨੁਸਾਸ਼ਨਹੀਣਤਾ। ਉਹ ਖਾਣੇ ਦੀ ਮੇਜ਼ ਤੇ ਦੂਸਰਿਆਂ ਦੀਆਂ ਪਲੇਟਾਂ ਵਿੱਚ ਹੱਥ ਮਾਰ ਕੇ ਦੇਖਦੀ ਅਤੇ ਆਪਣੇ ਪਸੰਦ ਦੀ ਚੀਜ਼ ਚੁੱਕ ਲੈਂਦੀ। ਏਨ ਸੁਲੀਵਨ ਨੇ ਇਸ ਬੁਰੀ ਆਦਤ ਨੂੰ ਤੁਰੰਤ ਸੁਧਾਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਹੇਲਨ ਨੂੰ ਨਾਸ਼ਤੇ ਦੇ ਸਮੇਂ ਆਪਣੀ ਪਲੇਟ ਵਿੱਚ ਹੱਥ ਪਾਉਣ ਤੋਂ ਰੋਕਿਆ। ਹਾਲਾਤ ਵਿਗੜਦੀ ਦੇਖ ਪਰਿਵਾਰ ਦੇ ਮੈਂਬਰ ਨਾਸ਼ਤਾ ਛੱਡ ਕੇ ਚਲੇ ਗਏ। ਏਨ ਨੇ ਦਰਵਾਜ਼ਾ ਬੰਦ ਕਰ ਲਿਆ। ਹੇਲਨ ਜ਼ਮੀਨ ਤੇ ਲੇਟ ਗਈ ਅਤੇ ਆਪਣੀ ਅਧਿਆਪਕਾ ਦੀ ਕੁਰਸੀ ਨੂੰ ਧੱਕਣ ਤੇ ਉਲਟਾਉਣ ਲੱਗੀ। ਕੁਝ ਦੇਰ ਬਾਅਦ ਉਸ ਨੇ ਉੱਠ ਕੇ ਮੇਜ਼ ਦਾ ਚੱਕਰ ਲਾਇਆ ਤੇ ਦੇਖਿਆ ਕਿ ਉੱਥੇ ਕੋਈ ਨਹੀਂ ਸੀ। ਉਹ ਆਪਣੀ ਸੀਟ ਤੇ ਨਾਸ਼ਤਾ ਕਰਕੇ ਬੈਠ ਗਈ। ਪਰ ਅਧਿਆਪਕਾ ਦੇ ਚਮਚ ਦੇਣ ਤੇ ਉਸ ਨੇ ਸੁੱਟ ਦਿੱਤਾ। ਕਾਫ਼ੀ ਦੇਰ ਤੱਕ ਚਮਚ ਦੀ ਵਰਤੋਂ ਕਰਨ ਲਈ ਖਿੱਚੋਤਾਣ ਹੁੰਦੀ ਰਹੀ। ਏਨ ਇਸ ਘਟਨਾ ਤੋਂ ਬਹੁਤ ਦੁਖੀ ਹੋਈ ਅਤੇ ਸਿੱਧੀ ਆਪਣੇ ਕਮਰੇ ਵਿੱਚ ਜਾ ਕੇ ਰੋਂਦੀ ਰਹੀ। ਉਸ ਦਾ ਮੰਨਣਾ ਸੀ ਕਿ ਸਿੱਖਣ ਲਈ ਆਗਿਆਕਾਰੀ ਹੋਣਾ ਜ਼ਰੂਰੀ ਹੈ। ਆਪਣੇ 11 ਮਾਰਚ 1887 ਦੇ ਪੱਤਰ ਵਿੱਚ ਉਸ ਨੇ ਲਿਖਿਆ, ‘‘ਮੈਂ ਇਸ ਵਿਸ਼ੇ ਤੇ ਬਹੁਤ ਸੋਚਿਆ, ਜਿਨ੍ਹਾਂ ਜ਼ਿਆਦਾ ਮੈਂ ਸੋਚਦੀ ਹਾਂ, ਉਹਨਾਂ ਹੀ ਮੇਰਾ ਵਿਸ਼ਵਾਸ ਵੱਧਦਾ ਜਾਂਦਾ ਹੈ ਕਿ ਆਗਿਆਕਾਰੀ ਹੋਣਾ ਉਹ ਮੁੱਖ ਦਰਵਾਜ਼ਾ ਹੈ ਜਿਸ ਵਿੱਚੋਂ ਹੋ ਕੇ ਗਿਆਨ ਅਤੇ ਪਿਆਰ ਬੱਚੇ ਦੇ ਮੱਥੇ ਵਿੱਚ ਪਹੁੰਚਦਾ ਹੈ।’’ ਇਸ ਉਦੇਸ਼ ਦੀ ਪ੍ਰਾਪਤੀ ਲਈ ਉਹਨਾਂ ਨੇ ਹੇਲਨ ਕੇਲਰ ਨੂੰ ਕੁਝ ਦਿਨ ਪਰਿਵਾਰ ਤੋਂ ਵੱਖ ਰੱਖਣ ਦੀ ਯੋਜਨਾ ਬਣਾਈ। ਪਰਿਵਾਰ ਦੇ ਕੁੱਝ ਨਾਂਹ-ਨੁੱਕਰ ਕਰਨ ਤੇ ਅਖੀਰ ਉਹ ਪਰਿਵਾਰ ਦੇ ਪੁਰਾਣੇ ਮਕਾਨ ਵਿੱਚ ਰਹਿਣ ਚਲੀਆਂ ਗਈਆਂ। ਨਵੇਂ ਘਰ ਵਿੱਚ ਜਾ ਕੇ ਹੇਲਨ ਬਹੁਤ ਖ਼ੁਸ਼ ਸੀ। ਸ਼ਾਮ ਨੂੰ ਗੁੱਡੀ ਨਾਲ ਖੇਡ ਕੇ ਰਾਤ ਨੂੰ ਰੱਜ ਕੇ ਖਾਣਾ ਖਾਧਾ। ਕੁੱਝ ਦਿਨ ਵੱਖਰੇ ਰਹਿਣ ਤੋਂ ਬਾਅਦ ਹੇਲਨ ਨੂੰ ਕੁਝ ਲਾਭ ਹੋਇਆ। ਨੇਤਰਹੀਣਤਾ ਅਤੇ ਗੂੰਗੇਪਨ ਦੇ ਦੋਹਰੀ ਅਪੰਗਤਾ ਦੇ ਫ਼ਰਕ ਨੂੰ ਹੇਲਨ ਅਤੇ ਸੰਸਾਰ ਦੇ ਵਿੱਚ ਸੰਚਾਰ ਲਈ ਏਨ ਸੁਲੀਵਨ ਨੇ ਛੂਹਣ ਦਾ ਸਹਾਰਾ ਲਿਆ। ਉਹ ਹੇਲਨ ਦੀ ਹਥੇਲੀ ਤੇ ਆਪਣੇ ਅੰਗੂਠੇ ਨਾਲ ਸ਼ਬਦਾਂ ਨੂੰ ਲਿਖਦੀ। ਹੇਲਨ ਦੇ ਦੁਆਰਾ ਕਿਸੇ ਸ਼ਬਦ ਨੂੰ ਸਹੀ ਢੰਗ ਨਾਲ ਲਿਖਣ ਤੇ ਉਸ ਨੂੰ ਕੇਕ ਦਾ ਟੁਕੜਾ ਮਿਲਦਾ ਜੋ ਉਸ ਨੂੰ ਬਹੁਤ ਪਸੰਦ ਸੀ। ਕੁਝ ਦਿਨਾਂ ਵਿੱਚ ਹੀ ਉਸ ਨੇ 18 ਨਾਂਵ ਅਤੇ ਤਿੰਨ ਕਿਰਿਆਵਾਂ ਨੂੰ ਸਮਝ ਲਿਆ ਸੀ। ਹੇਲਨ ਕੇਲਰ ਕੁਝ ਹੀ ਘੰਟਿਆਂ ਵਿੱਚ



30 ਨਵੇਂ ਸ਼ਬਦ ਸਿੱਖ ਕੇ ਆਪਣੇ ਕੋਸ਼ ਵਿੱਚ ਜੋੜ ਚੁੱਕੀ ਸੀ। ਉਹ ਹਰ ਇੱਕ ਚੀਜ਼ ਨੂੰ ਛੂਹ ਕੇ ਉਸ ਦਾ ਨਾਂ ਜਾਣਨਾ ਚਾਹੁੰਦੀ ਸੀ। ਉਸ ਦਿਨ ਉਸ ਨੇ ਆਪਣੀ ਅਧਿਆਪਕਾ ਨੂੰ ਪਹਿਲੀ ਵਾਰ ਚੁੰਮਿਆ। ਸਿੱਖਣ ਦੀ ਗਤੀ ਹੁਣ ਤੇਜ਼ੀ ਨਾਲ ਵੱਧਣ ਲੱਗੀ । ਉਸ ਨੇ ਇੱਕ ਮਹੀਨੇ ਤੋਂ ਘੱਟ ਸਮੇਂ ਵਿੱਚ 100 ਸ਼ਬਦ ਸਿੱਖ ਲਏ। ਅਗਲੇ ਮਹੀਨੇ ਸ਼ਬਦਾਂ ਦੀ ਸੰਖਿਆ 300 ਤੇ ਫਿਰ 400 ਤੱਕ ਪਹੁੰਚ ਗਈ। ਹੇਲਨ ਦੀ ਪ੍ਰਾਪਤੀ ਦੀ ਸੂਚਨਾਂ ਅਖ਼ਬਾਰਾਂ ਅਤੇ ਕੁਝ ਹੋਰ ਪ੍ਰਤਿਭਾਸ਼ਾਲੀ ਵਿਅਕਤੀਆਂ ਤੱਕ ਪਹੁੰਚੀ। ਇਸ ਨਾਲ ਬਹੁਤ ਸਾਰੇ ਲੋਕ ਉਸ ਦੀ ਤਰੱਕੀ ਵਿੱਚ ਦਿਲਚਸਪੀ ਲੈਣ ਲੱਗੇ।

ਹੇਲਨ ਕੇਲਰ ਨੇ ਪਹਿਲਾ ਪੱਤਰ 17 ਜੂਨ 1887 ਨੂੰ ਲਿਖਿਆ ਜਿਸ ਵਿੱਚ ਕੋਈ ਵਿਸ਼ਰਾਮ ਚਿੰਨ੍ਹ ਨਹੀਂ ਸੀ। ਉਸ ਤੋਂ ਬਾਅਦ ਹੇਲਨ ਨੇ 12 ਜੁਲਾਈ ਨੂੰ ਆਪਣੀ ਮਾਂ ਨੂੰ ਇੱਕ ਚਿੱਠੀ ਲਿਖੀ ਜਿਸ ਦੇ ਪਹਿਲੇ ਪੈਰ੍ਹੇ ਤੋਂ ਬਾਅਦ ਅੰਤ ਵਿੱਚ ਵਿਸ਼ਰਾਮ ਚਿੰਨ੍ਹ ਲੱਗਿਆ ਸੀ ਅਤੇ ਬਾਕੀ ਦੋ ਪੈਰ੍ਹੇ ਬਿਨਾਂ ਕਿਸੇ ਵਿਸ਼ਰਾਮ ਚਿੰਨ੍ਹ ਦੇ ਸਨ। ਇਹਨਾਂ ਦੋਨਾਂ ਪੱਤਰਾਂ ਵਿੱਚ ਹੇਲਨ ਨੇ ਆਪਣੇ ਦਸਤਖਤ ਨਹੀਂ ਕੀਤੇ ਸਨ। ਪੱਤਰ ਲਿਖਣ ਲਈ ਉਹ ਇੱਕ ਫਰੇਮ ਦੀ ਸਹਾਇਤਾ ਲੈਂਦੀ ਸੀ ਅਤੇ ਰੋਮਨ ਲਿਪੀ ਵਿੱਚ ਹੀ ਪੈਨਸਿਲ ਨਾਲ ਲਿਖਦੀ ਸੀ। ਉਸ ਸਮੇਂ ਅਮਰੀਕਾ ਵਿੱਚ ਨੇਤਰਹੀਣਾਂ ਦੀ ਸਿੱਖਿਆ ਵਿੱਚ ਇਹ ਪ੍ਰਣਾਲੀ ਪ੍ਰਚਲਿਤ ਸੀ। ਬਾਅਦ ਵਿੱਚ ਉਹਨਾਂ ਨੇ ਸਪਰਸ਼ ਲਿਪੀ ਬਰੇਲ ਲਿਖੀ। 1890 ਵਿੱਚ ਟਾਈਪ ਰਾਈਟਰ ਖਰੀਦ ਲਿਆ ਤੇ ਉਹਨਾਂ ਦਾ ਟਾਈਪ ਰਾਈਟਰ ਤੇ ਲਿਖਿਆ ਪਹਿਲਾ ਪੱਤਰ 1892 ਵਿੱਚ ਭੇਜਿਆ ਗਿਆ। ਫਿਰ ਤਾਂ ਇਹ ਆਮ ਗੱਲ ਹੋ ਗਈ। ਬਰੇਲ ਅਤੇ ਟੰਕਣ ਤੋਂ ਇਲਾਵਾ ਸਿੱਖਣ ਲਈ ਉਹ ਟੈਲੀਗ੍ਰਾਫਿਕ ਕੋਡ, ਮੈਨੂਅਲ ਵਰਨਮਾਲਾ ਅਤੇ 1890 ਤੋਂ ਬਾਅਦ ਮੌਖਿਕ ਗੱਲਬਾਤ ਦੀ ਵਰਤੋਂ ਵੀ ਕਰਨ ਲੱਗੀ। ਹੇਲਨ ਕੇਲਰ ਨੂੰ ਏਨ ਸੁਲੀਵਨ ਨੇ ਪੜ੍ਹਨਾ, ਲਿਖਣਾ ਤੇ ਬੋਲਣਾ ਸਿਖਾਇਆ ।

ਹੇਲਨ ਕੇਲਰ 1890 ਵਿੱਚ ਨੇਤਰਹੀਣਾਂ ਦੇ ਪਰਕਿਨਸ ਸਕੂਲ ਵਿੱਚ ਪੜ੍ਹ ਰਹੀ ਸੀ। ਇਸੇ ਸਾਲ ਹੀ ਕੁਮਾਰੀ ਫੂਲਰ ਨੇ ਮੌਖਿਕ ਰੂਪ ਵਿੱਚ ਗੱਲਬਾਤ ਕਰਨੀ ਸਿਖਾਉਣੀ ਸ਼ੁਰੂ ਕੀਤੀ। ਕੁਝ ਹੀ ਸਮੇਂ ਵਿੱਚ ਹੇਲਨ ਆਪਣੀ ਗੱਲ ਬੋਲ ਕੇ ਕਹਿਣ ਲੱਗੀ। ਉਸ ਦੀ ਬੋਲ-ਚਾਲ ਦੀ ਭਾਸ਼ਾ ਆਮ ਵਿਅਕਤੀ ਲਈ ਸਮਝ ਸਕਣਾ ਸੌਖਾ ਨਹੀਂ ਸੀ ਪਰ ਉਹਨਾਂ ਦੇ ਮਿੱਤਰ ਅਤੇ ਪਹਿਚਾਨ ਵਾਲੇ ਲੋਕ ਕੁਝ ਅਭਿਆਸ ਤੋਂ ਬਾਅਦ ਉਸ ਨੂੰ ਸਮਝ ਸਕਦੇ ਸਨ। ਜਵਾਨੀ ਵਿੱਚ ਹੀ ਹੇਲਨ ਨੇ ਵਿਸ਼ਵ ਪ੍ਰਸਿੱਧੀ ਹਾਸਲ ਕਰ ਲਈ ਸੀ। ਵਿਟਿਅਰ ਅਤੇ ਹੋਮਸ ਵਰਗੇ ਪ੍ਰਸਿੱਧ ਕਵੀ ਅਤੇ ਮਾਰਕ ਟਵੇਨ ਲੇਖਕ ਉਸ ਦੇ ਪ੍ਰਸੰਸਕਾਂ ਵਿੱਚ ਸ਼ਾਮਲ ਸਨ।

ਹੇਲਨ ਕੇਲਰ ਨੇ ਰੇਡ ਕਿਲਫ਼ ਕਾਲਜ ਵਿੱਚ ਦਾਖ਼ਲੇ ਲਈ ਜ਼ਰੂਰੀ ਪ੍ਰੀਖਿਆ 1899 ਵਿੱਚ ਪਾਸ ਕਰ ਲਈ ਪਰ ਬਾਕੀ ਤਿਆਰੀ ਅਤੇ ਕੁਝ ਹੋਰ ਕਾਰਨਾਂ ਕਰਕੇ ਉਸ ਨੂੰ 1900 ਵਿੱਚ ਦਾਖ਼ਲਾ ਮਿਲ ਸਕਿਆ ਜੋ ਕਿ ਉਸ ਦੀ ਬੜੇ ਲੰਮੇ ਸਮੇਂ ਦੀ ਇੱਛਾ ਸੀ। 1904 ਵਿੱਚ ਰੇਡ ਕਿਲਫ਼ ਕਾਲਜ ਵਿੱਚ ਉਸ ਨੇ ਸਨਾਤਕ ਦੀ ਉਪਾਧੀ ਪ੍ਰਾਪਤ ਕੀਤੀ ਜੋ ਕਿ ਨੇਤਰਹੀਣ, ਬੋਲੀ ਦੁਆਰਾ ਪਹਿਲੀ ਵਾਰ ਪ੍ਰਾਪਤ ਕੀਤੀ ਗਈ ਸੀ। ਹੇਲਨ ਕੇਲਰ ਦੇ ਮਨ ਵਿੱਚ ਦੂਸਰਿਆਂ ਦੀ ਸਹਾਇਤਾ ਕਰਨ ਦੀ ਇੱਛਾ ਸੀ। ਆਪਣੇ ਇਲਾਕੇ ਲਈ ਲਾਇਬਰੇਰੀ ਸਥਾਪਿਤ ਕਰਨ ਲਈ ਧੰਨ ਇਕੱਠਾ ਕਰਨਾ ਅਤੇ ਇੱਕ ਛੋਟੇ ਨੇਤਰਹੀਣ, ਬੋਲੇ ਬੱਚੇ ਟਾਮੀ ਨੂੰ ਪੜ੍ਹਾਉਣ ਵਿੱਚ ਨਿਭਾਈ ਭੂਮਿਕਾ ਇਸ ਦੀ ਉਦਾਹਰਣ ਹੈ।

ਹੇਲਨ ਕੇਲਰ ਕੀਮਤੀ ਅਤੇ ਸੁੰਦਰ ਕੱਪੜੇ ਪਹਿਨਣ ਦੀ ਸ਼ੌਕੀਨ ਸੀ। ਕਾਲਜ ਛੱਡਣ ਤੋਂ ਬਾਅਦ ਉਸ ਨੇ ਬਾਸਟਨ ਦੇ ਨੇੜੇ ‘ਰੇਥਮ ਹਾਊਸ’ ਖਰੀਦਿਆ ਜੋ ਕਿ ਇੱਕ ਫਾਰਮ ਹਾਊਸ ਸੀ। ਉਸ ਸੰਪਤੀ ਵਿੱਚ ਦੋ ਵੱਡੇ ਮਕਾਨਾਂ ਤੋਂ ਇਲਾਵਾ 21 ਏਕੜ ਜ਼ਮੀਨ ਸ਼ਾਮਲ ਸੀ। ਇਸ ਤੋਂ ਬਾਅਦ 1917 ਵਿੱਚ ਨਿਊਯਾਰਕ ਦੇ ਕਨੈਕਟੀਕਟ ਸ਼ਹਿਰ ਵਿੱਚ ਇੱਕ ਵੱਡੀ ਇਮਾਰਤ ਨੂੰ ਆਪਣਾ ਨਿਵਾਸ ਅਸਥਾਨ ਬਣਾਇਆ। ਜਿਸ ਦਾ ਨਾਂ ਉਸ ਨੇ ‘ਆਰਕਨ ਰਿੱਜ਼ (ਅਰਚਓਨਿ ਜ਼) ਰੱਖਿਆ। ਕਾਲਜ ਦੇ ਅਖੀਰਲੇ ਦਿਨਾਂ ਵਿੱਚ ਹੇਲਨ ਆਪਣੇ ਜੀਵਨ ਨਿਰਬਾਹ ਬਾਰੇ ਸੋਚਣ ਲੱਗੀ। ਆਪਣੇ ਇੱਕ ਲੇਖ ਵਿੱਚ ਉਹਨਾਂ ਆਪਣੀ ਆਸ਼ਾ ਦਰਸਾਈ ਕਿ ਉਹ ਯੂਰਪ ਅਤੇ ਅਮਰੀਕਾ ਦੇ ਅਧਿਆਪਕਾਂ ਵਿੱਚ ਨੇਤਰਹੀਣਾਂ ਦੀ ਸਹਾਇਤਾ ਲਈ ਇੱਕ ਸਾਧਨ ਦੇ ਰੂਪ ਵਿੱਚ ਪੜ੍ਹਾਉਣ ਦਾ ਕੰਮ ਕਰੇਗੀ। ਦੂਸਰੀ ਸੰਭਾਵਨਾ ਵਿੱਚ ਉਸ ਨੇ ਪੁਰਾਤਨ ਪੁਸਤਕਾਂ ਦਾ ਅਨੁਵਾਦ ਅਤੇ ਬਿਮਾਰਾਂ ਦੀ ਸੇਵਾ ਕਰਨ ਲਈ ਸਮਾਜ-ਸੇਵਾ ਦਾ ਕੰਮ ਕਰਨ ਦੀ ਦਰਸਾਈ ਹੈ।

ਹੇਲਨ ਕੇਲਰ ਦੀਆਂ ਕੁਝ ਕਵਿਤਾਵਾਂ ਵੀ ਪ੍ਰਕਾਸ਼ਿਤ ਹੋਈਆਂ ਅਤੇ 1907 ਵਿੱਚ ਲੇਡੀਜ਼ ਹੋਮ ਜਨਰਲ ਵਿੱਚ ਉਹਨਾਂ ਨੇ ਕਈ ਲੇਖ ਬੱਚਿਆਂ ਵਿੱਚ ਨੇਤਰਹੀਣਾਂ ਦੀ ਰੋਕਥਾਮ ਲਈ ਛਾਪੇ। ਕੁਝ ਸਾਲ ਪਿੱਛੋਂ ਉਸ ਦੇ ਔਰਤ ਦੇ ਹੱਕ ਬਾਰੇ ਕਈ ਲੇਖ ਰਸਾਲਿਆਂ ਨੇ ਮੰਗੇ। ਹੌਲੀ-ਹੌਲੀ ਨੇਤਰਹੀਣ ਅਤੇ ਨੇਤਰਹੀਣ-ਬੋਲੇ ਵਿਅਕਤੀਆਂ ਦੇ ਸੰਬੰਧ ਵਿੱਚ ਲਿਖੇ ਲੇਖ, ਭਾਸ਼ਣ ਅਤੇ ਇਸ ਖੇਤਰ ਦੇ ਨਾਲ ਜੁੜੇ ਕਈ ਕੰਮ ਉਸ ਦੇ ਰੁਜ਼ਗਾਰ ਦਾ ਸਾਧਨ ਬਣ ਗਏ। ਪਹਿਲੇ ਯੁੱਧ ਦੇ ਸਮੇਂ ਦੌਰਾਨ ਉਹਨਾਂ ਨੇ ਆਪਣੇ ਜਰਮਨ ਪ੍ਰਕਾਸ਼ਕਾਂ ਨੂੰ ਕਿਹਾ ਕਿ ਉਹਨਾਂ ਦੀਆਂ ਪੁਸਤਕਾਂ ਤੋਂ ਹੋਣ ਵਾਲੀ ਆਮਦਨ ਨੂੰ ਯੁੱਧ ਵਿੱਚ ਨੇਤਰਹੀਣ ਹੋਣ ਵਾਲੇ ਜਰਮਨ ਸੈਨਿਕਾਂ ਦੇ ਕਲਿਆਣ ਲਈ ਦੇ ਦਿੱਤਾ ਜਾਵੇ।

1920 ਦੇ ਦਹਾਕੇ ਵਿੱਚ ਉਹਨਾਂ ਦਾ ਸੰਬੰਧ ਅਮਰੀਕੀ ਨੇਤਰਹੀਣ ਸੰਸਥਾ (ਏ.ਐਫ.ਬੀ) ਨਾਲ ਬਣਿਆ ਜੋ ਕਿ ਅਨੇਕ ਖੱਟੇ-ਮਿੱਠੇ ਅਨੁਭਵਾਂ ਤੋਂ ਬਾਅਦ ਵੀ ਚੱਲ ਰਹੀ ਸੀ। ਏ.ਐਫ਼.ਬੀ ਦੇ ਦੁਆਰਾ ਉਹਨਾਂ ਨੇ ਅਮਰੀਕਾ ਅਤੇ ਹੋਰ ਦੂਸਰੇ ਦੇਸ਼ਾਂ ਦੇ ਨੇਤਰਹੀਣਾਂ ਲਈ ਲਗਾਤਾਰ ਕੰਮ ਕੀਤਾ। ਇਸ ਸੰਸਥਾ ਦਾ ਨਾਂ ਉਹਨਾਂ ਦੀ ਮੌਤ ਤੋਂ ਕੁਝ ਸਾਲ ਬਾਅਦ ਬਦਲ ਕੇ ‘ਹੇਲਨ ਕੇਲਰ ਇੰਟਰਨੈਸ਼ਨਲ’ ਰੱਖਿਆ ਗਿਆ। ਹੇਲਨ ਨੇ ਕਈ ਫ਼ਿਲਮਾਂ ਵਿੱਚ ਕੰਮ ਕੀਤਾ ਜੋ ਕਿ ਨੇਤਰਹੀਣ, ਬੋਲੇ, ਲੋਕਾਂ ਦੇ ਸੰਬੰਧ ਵਿੱਚ ਬਣਾਈਆਂ ਗਈਆਂ। ਉਹਨਾਂ ਦੀ ਅਖੀਰਲੀ ਪ੍ਰਸਿੱਧ ਪੁਸਤਕ ‘ਟੀਚਰ’ 1955 ਵਿੱਚ ਛਪੀ।

ਹੇਲਨ ਕੇਲਰ ਲਗਭਗ ਪੂਰੀ ਦੁਨੀਆਂ ਘੁੰਮੀ ਸੀ । ਉਸ ਨੇ ਪੰਜ ਮਹਾਂਦੀਪਾਂ ਸਮੇਤ 39 ਦੇਸ਼ਾਂ ਦਾ ਦੌਰਾ ਕੀਤਾ।

ਹੇਲਨ ਕੇਲਰ 1 ਜੂਨ 1968 ਈ: ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਕੁਨੈਕਟੀਕਟ ਯੂਨਾਈਟਡ ਸਟੇਟ ਵਿਖੇ ਅਕਾਲ ਚਲਾਣਾ ਕਰ ਗਈ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ ।**
**Emial- karnialiSnghma@gmial.com**

# Dr. B.R. Ambedkar's Vision for the Reform of Hindu Priesthood, Temple Administration, and the Use of Temple Wealth: Ideals and the Present Reality

Bhimrao Ramji Ambedkar served as India's law minister from 1947-1951, where he championed the low-cast Hindus called Harijans, also known as the...

Introduction

B. R. Ambedkar regarded religion as a powerful social institution that profoundly influences the moral, cultural, and political life of society. However, he believed that the prevailing structure of Hinduism, particularly its caste-based hierarchy and hereditary priesthood, perpetuated inequality and denied millions of people their dignity and fundamental rights. While Ambedkar eventually embraced Buddhism, he also proposed a comprehensive programme for the reform of Hinduism. In his landmark work Annihilation of Caste and other writings, he advocated radical changes in the appointment of priests, the administration of Hindu temples, and the use of temple wealth. His objective was to transform religious institutions into democratic, accountable, and socially beneficial organizations that reflected the principles of liberty, equality, and fraternity.

Reforming the Priesthood

One of Ambedkar's strongest criticisms of Hinduism was directed against the hereditary monopoly of the Brahmin caste over the priesthood. He argued that the position of a priest was not merely a religious office but also a source of immense social authority. Since this authority was reserved exclusively for one caste, it reinforced the caste system and legitimized social discrimination.

Ambedkar rejected the notion that priesthood should be inherited by birth. Instead, he argued that every Hindu, irrespective of caste or gender, should have an equal opportunity to become a priest, provided he or she possessed the necessary qualifications. In his view, priesthood should become a profession based on merit rather than lineage.

He proposed that priests should receive systematic religious education, pass qualifying examinations, and obtain licenses issued by the State. Just as doctors, lawyers, and teachers are required to meet professional standards, priests too should be accountable to society. Those found guilty of misconduct or incompetence should lose their licenses. Such reforms, he believed, would eliminate caste privilege and establish professionalism and ethical responsibility in religious life.

Democratic Administration of Hindu Temples

Ambedkar believed that Hindu temples were public institutions supported by the faith and donations of millions of devotees. Therefore, they should not remain under the control of hereditary families,



priestly elites, or dominant castes.

He advocated democratic and representative management of temples. Temple management committees, according to him, should include members from all sections of society, including Scheduled Castes, Scheduled Tribes, women, and other marginalized groups. Decisions concerning temple administration should be transparent, accountable, and free from corruption or caste discrimination.

Ambedkar also believed that public institutions receiving donations from ordinary citizens should function according to democratic principles rather than hereditary privilege. Proper financial auditing, public disclosure of accounts, and responsible administration were essential for preserving public confidence in religious institutions.

Temple Wealth as an Instrument of Social Welfare

Perhaps Ambedkar's most far-reaching proposal concerned the utilization of temple donations. He observed that enormous sums of money were spent every year on elaborate rituals, ceremonies, and festivals while millions of people remained illiterate, impoverished, and deprived of healthcare.

He argued that religion should serve humanity rather than merely sustain ritualism. Temple revenues, in his opinion, should primarily be devoted to public welfare. He envisioned temple funds supporting schools, colleges, hospitals, hostels for poor students, libraries, orphanages, old-age homes, scholarships, and programmes for the upliftment of disadvantaged communities.

Such an approach would transform temples from centres of ritual expenditure into institutions contributing directly to national development and social justice. For Ambedkar, true religion was measured not by the grandeur of ceremonies but by its contribution to human welfare.

Ambedkar's Broader Vision of Religious Reform

Ambedkar's proposals extended beyond priesthood and temple administration. He believed that Hinduism required a comprehensive restructuring to become compatible with democratic values. He suggested the adoption of a single authoritative scripture acceptable to all Hindus, the abolition of caste distinctions, and the complete elimination of hereditary religious privileges.

His vision sought to establish a religion based on morality rather than birth, equality rather than hierarchy, and reason rather than unquestioned tradition. These reforms were intended to align religion with the constitutional ideals that later became the foundation of independent India.

The Present Scenario

Independent India has witnessed important, though incomplete, progress towards some of Ambedkar's objectives.

Several states, particularly Tamil Nadu and Kerala, have introduced reforms allowing trained non-Brahmins, including members of Scheduled Castes, to serve as temple priests. These reforms have challenged the traditional monopoly of hereditary priesthood and have received judicial support in several cases. However, in most parts of India, the priesthood continues to be overwhelmingly dominated by hereditary Brahmin families, and women priests remain relatively uncommon.

Temple administration has also undergone significant changes. Many major temples are administered through statutory bodies such as Devaswom Boards and Hindu Religious and Charitable Endowments departments in states including Tamil Nadu, Karnataka, Andhra Pradesh, Telangana, and Kerala. These bodies are intended to ensure better financial management and public accountability. Nevertheless, allegations of political interference, corruption, lack of transparency, and inadequate representation of marginalized communities continue to be raised.

Temple donations today amount to thousands of crores of rupees annually. A considerable portion is used for temple maintenance, salaries, festivals, pilgrim facilities, and charitable activities such as free meals, hospitals, educational institutions, and social welfare programmes. Some of India's largest temples have established impressive charitable initiatives benefiting millions of people. However, critics argue that a much larger proportion of temple wealth could be directed towards education, healthcare, scientific research, and poverty alleviation, in keeping with Ambedkar's vision of socially productive religion.

Constitutional and Legal Developments

The Constitution of India embodies many of the principles that inspired Ambedkar's reform agenda. It abolishes untouchability under Article 17 and guarantees equality before the law through Articles 14, 15, and 16. Judicial decisions have generally recognized that hereditary succession to the office of priest is not an essential religious practice and that the State may prescribe qualifications for temple priests without violating religious freedom. At the same time, Articles 25 and 26 protect the autonomy of religious denominations in matters of essential religious practice, creating an ongoing constitutional balance between religious freedom and social reform.

Conclusion

Dr. B.R. Ambedkar's proposals for reforming the Hindu priesthood, democratizing temple administration, and utilizing temple wealth for public welfare remain among the most comprehensive programmes of religious reform ever articulated in modern India. His objective was not merely administrative efficiency but the establishment of a religion consistent with the democratic ideals of equality, liberty, fraternity, and social justice.

Although independent India has taken meaningful steps towards opening the priesthood to all castes, improving temple governance, and expanding charitable activities funded by temple resources, Ambedkar's broader vision remains only partially realized. Hereditary traditions continue to dominate much of the priesthood, representation in temple administration remains uneven, and the immense wealth of religious institutions is still not consistently directed towards the transformative social purposes that he envisioned.

More than seven decades after the adoption of the Constitution, Ambedkar's ideas continue to provide a compelling framework for debates on religious reform, equality, and the social responsibilities of religious institutions. His vision reminds us that religion can truly serve society only when it upholds human dignity, rejects discrimination, and contributes actively to the welfare and progress of all citizens.



**S.R. Darapuri I.P.S.(Retd)**
**National President,**
**All India Peoples Front**
**www.dalitliberation.blogspot.com**
**www.dalitmukti.blogspot.com**
**Mob 919415164845**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

**ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

email:-Samajweekly@gmail.com